ੴ ਵਾਹਿਗੁਰੂ ਜੀ ਕੀ ਫਤਹਿ ॥

# ਗਿਆਨੀ ਦਿੱਤ ਸਿੰਘ ਜੀ

ਧਰਮ ਪ੍ਰਚਾਰ ਕਮੇਟੀ
ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

# ਗਿਆਨੀ ਦਿਤ ਸਿੰਘ ਜੀ

ਇੰਗਲੈਂਡ ਦੀਆਂ ਅਖਬਾਰਾਂ ਵਿੱਚ 19ਵੀਂ ਸਦੀ ਦੇ ਦੂਜੇ ਅੱਧ ਵਿੱਚ ਇਹ ਛੱਪ ਗਿਆ ਕਿ ਸਿੱਖ ਕੌਮ ਖਤਮ ਹੋ ਰਹੀ ਹੈ ਅਤੇ ਆਉਂਦੇ 25 ਸਾਲਾਂ ਤੱਕ ਜਦ ਕਿਸੇ ਨੇ ਸਿੱਖ ਦੇ ਦਰਸ਼ਨ ਕਰਨੇ ਹੋਣਗੇ ਤਾਂ ਉਸ ਨੂੰ ਅਜਾਇਬ ਘਰ ਵਿੱਚ ਕੇਵਲ ਫੋਟੋ ਹੀ ਮਿਲਣਗੀਆਂ। ਇੰਝ ਉਹ ਲਿਖਦੇ ਵੀ ਕਿਉਂ ਨਾ, ਜਦੋਂ ਮਹਾਰਾਜਾ ਰਣਜੀਤ ਸਿੰਘ ਵੇਲੇ ਸਿੰਘਾਂ ਦੀ ਗਿਣਤੀ ਇੱਕ ਕਰੋੜ ਤੋਂ ਵੱਧ ਸੀ, ਪਰ 1881 ਦੀ ਮਰਦੱਮ ਸ਼ੁਮਾਰੀ ਮੁਤਾਬਿਕ ਲਗਭਗ 18 ਲਖ ਰਹਿ ਗਈ ਸੀ ਸੋ ਐਸਾ ਖਿਆਲ ਸੁਭਾਵਕ ਸੀ। ਪਰ ਉਹਨਾਂ ਨੂੰ ਕੀ ਪਤਾ ਸੀ ਕਿ ਜਿਸ ਕੌਮ ਦੇ ਬਾਰੇ ਉਹ 1881 ਵਿੱਚ ਲਿਖ ਰਹੇ ਹਨ, ਉਹ 38 ਸਾਲਾਂ ਬਾਅਦ ਉਹਨਾਂ ਨਾਲ ਟੱਕਰ ਲਵੇਗੀ ਤੇ ਉਹਨਾਂ ਨੂੰ ਈਨ ਮਨਵਾ ਕੇ ਸਾਹ ਲਵੇਗੀ ਪਰ ਹੋਇਆ ਕਿਸ ਤਰ੍ਹਾਂ? ਇਸ ਮਹਾਨ ਸਾਕੇ ਦਾ ਹੀਰੋ ਕੌਣ ਹੈ?

ਉੱਤਰ : ਗਿਆਨੀ ਦਿਤ ਸਿੰਘ ਜੀ ਹਨ।

ਪਰ ਸਾਡੀ ਕੌਮ ਵੀ ਨਿਰਾਲੀ ਹੈ। ਜਿੰਨ੍ਹੀ ਸਪੱਸ਼ਟ ਗੁਰਮਤਿ-ਵਿਚਾਰਧਾਰਾ ਅਤੇ ਨਿਆਰਾਪਨ ਗੁਰੂ ਸਾਹਿਬਾਨ ਨੇ ਇਸ ਨੂੰ ਦਿੱਤਾ ਹੈ; ਉਨ੍ਹੀ ਹੀ ਇਹ ਭਰਮਾਂ, ਵਹਿਮਾਂ ਵਿੱਚ ਫਸ ਕੇ ਆਪਣੀ ਹੋਂਦ ਲਈ ਖਤਰਾ ਪੈਦਾ ਕਰਦੀ ਰਹੀ ਹੈ। ਅੱਜ ਦੀ ਤਾਂ ਗੱਲ ਛੱਡੋ ਅੱਜ ਤੋਂ 150 ਸਾਲ ਪਹਿਲਾਂ ਵੀ ਇਸੇ ਬਿਮਾਰੀ ਵਿੱਚ ਫਸੀ ਪਈ ਸੀ।

ਅਕਾਲ ਪੁਰਖ ਬੇਅੰਤ ਹੈ। ਜਦੋਂ ਕੌਮ ਉੱਤੇ ਭੀੜ ਆਉਂਦੀ ਹੈ ਤਾਂ ਉਹ ਖਾਲਸੇ ਨੂੰ ਭੀੜਾ ਰੂਪੀ ਅਗਨੀ ਵਿੱਚੋਂ ਸਵਰਨ (ਸੋਨਾ) ਬਣਾਕੇ ਕਢਦਾ ਹੈ। ਜਿਸ ਸਮੇਂ ਕੌਮ ਦਾ ਵੱਡਾ ਹਿੱਸਾ ਸਨਾਤਨੀ ਬਣ ਚੁੱਕਾ ਸੀ, ਗੁਰਮਤਿ ਤੋਂ ਅਣਜਾਣ ਹੋ ਕੇ ਠੇਡੇ ਖਾ ਰਿਹਾ ਸੀ ਅਤੇ ਸਾਹਸਹੀਣ ਹੋਇਆ ਪਿਆ ਸੀ। ਉਸ ਸਮੇਂ ਇਸ ਨੂੰ ਅੰਗਰੇਜ਼ਾਂ ਦੀ ਗੁਲਾਮੀ, ਬਹੁ-ਗਿਣਤੀ ਦੇ ਪ੍ਰਭਾਵ ਅਤੇ ਗੁਰੂ ਡੰਮ ਨੇ ਆ ਘੇਰਿਆ ਸੀ। ਕੌਮ ਫੁਟ ਦਾ ਸ਼ਿਕਾਰ ਵੀ ਹੋਈ ਸੀ। ਐਸੇ ਬਿਪਤਾ ਭਰੇ ਸਮੇਂ ਵਿੱਚ ਜਦੋਂ ਕੌਮ ਡਾਵਾਂ ਡੋਲ ਹੋਈ ਪਈ ਸੀ, ਗਿਆਨੀ ਦਿਤ ਸਿੰਘ ਜੀ ਹਰ ਮੁਹਾਜ਼ ਉੱਤੇ ਡਟ ਗਏ । ਕੀ ਸਨਾਤਨੀ, ਕੀ ਆਰੀਆ ਸਮਾਜੀ, ਕੀ ਗੁਰੂ ਅੰਸ਼ ਦੇ ਹੰਕਾਰੇ ਗੁਰੂ ਡੰਮ ਵਿੱਚ ਫਸੇ ਅਖੌਤੀ ਧਾਰਮਿਕ ਆਗੂ, ਕੀ ਤਖ਼ਤਾਂ ਦੇ ਮਹੰਤ, ਕੀ ਗੁਰਦੁਆਰਿਆਂ ਦੇ ਪੁਜਾਰੀ, ਸਭ ਨਾਲ ਟੱਕਰ ਲੈ ਕੇ ਗਿਆਨੀ ਜੀ ਨੇ ਕੌਮ ਨੂੰ ਆਪਦੇ ਪੈਰਾਂ ਉੱਤੇ ਖੜ੍ਹਾ

ਕਰ ਦਿੱਤਾ। ਆਓ, ਇਨ੍ਹਾਂ ਦਾ ਜੀਵਨ ਪੜ੍ਹਕੇ ਕੁਝ ਸਿਖੀਏ ਤਾਂ ਜੋ ਕੌਮ ਨੂੰ ਕੁੰਭਕਰਨੀ ਨੀਂਦ ਵਿੱਚੋਂ ਜਗਾਉਣ ਦਾ ਉਪਰਾਲਾ ਕਰ ਸਕੀਏ ਅਤੇ ਆਪਣੇ ਕਾਲੇ ਭਵਿੱਖ ਨੂੰ ਉਜਲਾ ਬਣਾ ਸਕੀਏ।

**ਮੁਢਲਾ ਜੀਵਨ :**

ਗਿਆਨੀ ਦਿਤ ਸਿੰਘ ਜੀ ਦਾ ਜਨਮ 21 ਅਪ੍ਰੈਲ 1852 ਨੂੰ ਪਟਿਆਲਾ ਰਿਆਸਤ ਦੇ ਨਗਰ ਅਨੰਦਪੁਰ ਕਲੌੜ ਵਿਚ ਭਾਈ ਦੀਵਾਨ ਸਿੰਘ ਜੀ ਦੇ ਗ੍ਰਹਿ ਵਿਖੇ ਹੋਇਆ। ਆਪ ਛੋਟੀ ਉਮਰ ਤੋਂ ਹੀ ਬਹਿਸ ਮੁਬਾਹਸਿਆਂ ਵਿੱਚ ਰੁਚੀ ਰੱਖਣ ਲੱਗ ਪਏ ਸਨ ਅਤੇ ਵਾਹਿਗੁਰੂ ਜੀ ਨੇ ਇੰਨ੍ਹੀ ਬਿਬੇਕ-ਬੁਧੀ ਬਖਸ਼ੀ ਸੀ ਕਿ ਖੋਟੇ ਖਰੇ ਵਿੱਚ ਸਹਿਜੇ ਹੀ ਨਿਖੇੜਾ ਕਰ ਲੈਂਦੇ ਸਨ। ਆਪ ਦੀ ਇਸ ਲਗਨ ਤੇ ਖਿਆਲਾਂ ਨੂੰ ਵੇਖ ਕੇ ਆਪ ਦੇ ਪਿਤਾ ਭਾਈ ਦੀਵਾਨ ਸਿੰਘ ਜੀ ਨੇ ਆਪ ਨੂੰ ਆਪਣੇ ਇੱਕ ਸਤਸੰਗੀ ਗੁਲਾਬਦਾਸੀਏ ਮਹਾਤਮਾ ਗੁਰਬਖਸ਼ ਸਿੰਘ ਜੀ ਦੇ ਡੇਰੇ, ਪਿੰਡ ਤਿਉੜ, ਜ਼ਿਲ੍ਹਾ ਅੰਬਾਲਾ ਵਿਖੇ 10 ਕੁ ਸਾਲ ਦੀ ਉਮਰ ਵਿੱਚ ਹੀ ਭੇਜ ਦਿੱਤਾ। ਮਹਾਤਮਾ ਜੀ ਨੇ ਆਪ ਦੀ ਤੀਖਣ ਬੁਧੀ ਦੇ ਅਸਰ ਨੂੰ ਕਬੂਲਿਆ, ਕਿਉਂਕਿ ਉਨ੍ਹਾਂ ਵੇਖਿਆ ਕਿ ਆਪ ਅੱਖਰੀ ਗਿਆਨ ਝਟ ਹੀ ਗ੍ਰਹਿਣ ਕਰੀ ਜਾ ਰਹੇ ਹਨ। ਗੁਰਬਾਣੀ ਦੇ ਕੁੱਝ ਗ੍ਰੰਥ, ਪੰਜ ਗ੍ਰੰਥੀ, ਦਸ ਗ੍ਰੰਥੀ, ਭਾਈ ਗੁਰਦਾਸ ਦੀਆਂ ਵਾਰਾਂ, ਭਗਤ ਬਾਣੀ ਅਦਿ ਨੂੰ ਦੋ ਕੁ ਸਾਲਾਂ ਵਿੱਚ ਹੀ ਪੜ੍ਹ ਲਿਆ। ਪੜ੍ਹਿਆ ਹੀ ਨਹੀਂ, ਇਨ੍ਹਾਂ ਦੇ ਅਰਥ ਤੇ ਅਗਾਧ ਭਾਵਾਂ ਤੋਂ ਵੀ ਜਾਣੂ ਹੋਣ ਵਿੱਚ ਕੋਈ ਕਸਰ ਨਾ ਰਹੀ। ਫਿਰ ਆਪ ਨੇ ਉਰਦੂ ਵੀ ਪੜ੍ਹਿਆ। ਆਪ ਇੰਨੇ ਮਿਹਨਤੀ ਤੇ ਚੰਗੇ ਬੁਧੀ ਵਾਲੇ ਸਾਬਤ ਹੋਏ ਕਿ ਪੰਜ-ਛੇ ਸਾਲਾਂ ਵਿੱਚ ਹੀ ਆਪ ਨੇ ਉਰਦੂ ਅਤੇ ਪੰਜਾਬੀ ਦੇ ਨਾਲ ਹੀ ਪਿੰਗਲ, ਵਿਆਕਰਣ, ਵੇਦਾਂਤ ਅਤੇ ਰਾਜਨੀਤੀ ਦੇ ਵੀ ਕਿੰਨੇ ਹੀ ਗ੍ਰੰਥਾਂ ਦਾ ਅਧਿਐਨ ਕਰ ਲਿਆ। 17-18 ਸਾਲ ਦੀ ਉਮਰ ਵਿੱਚ ਹੀ ਆਪ ਜੀ ਦੀਆਂ ਪਿੰਗਲ, ਵਿਆਕਰਣਕ ਤੇ ਵਿਦਾਂਤਕ ਬਹਿਸਾਂ ਦੀਆਂ ਧੁੰਮਾਂ ਡੇਰੇ ਵਿੱਚ ਦੀ ਹੋ ਕੇ ਸਾਧਾਂ ਸੰਤਾਂ ਰਾਹੀਂ ਦੂਰ-ਦੂਰ ਤੱਕ ਖਿਲਰ ਗਈਆਂ। ਵੱਡੇ-ਵੱਡੇ ਵਿਦਵਾਨਾਂ ਤੱਕ ਆਪ ਦਾ ਨਾਮ ਜਾ ਪੁੱਜਾ ਅਤੇ ਆਪ ਜੀ ਦੀ ਬਹਿਸ ਸੁਣਨ ਦਾ ਕਈਆਂ ਦੇ ਮਨ ਵਿੱਚ ਚਾਅ ਪੈਦਾ ਹੋ ਗਿਆ।

ਭਾਈ ਗੁਰਬਖਸ਼ ਸਿੰਘ ਜੀ ਗੁਲਾਬਦਾਸੀਏ ਮਹਾਤਮਾ ਦੀ ਸ਼੍ਰੇਣੀ ਵਿੱਚੋਂ ਸਨ ਤੇ ਇਹ ਗੁਲਾਬਦਾਸੀਆਂ ਦੇ ਡੇਰੇ ਹੀ ਉਨ੍ਹੀ ਦਿਨੀ ਬਹੁਤੀ ਚਰਚਾ-ਵਾਰਤਾ ਆਦਿ ਕਰਨ ਦੇ ਕੇਂਦਰ ਬਣੇ ਹੋਏ ਸਨ। ਪਰ ਦੂਜੇ ਬੰਨੇ ਆਮ ਸਿੱਖੀ ਦੀ ਹਾਲਤ ਬੜੀ ਮਾੜੀ ਸੀ। ਇਹ ਸਮਾਂ ਅੰਗਰੇਜ਼ ਰਾਜ ਦਾ ਸੀ ਤੇ ਈਸਾਈਅਤ ਦੇ ਪ੍ਰਚਾਰ ਲਈ ਵੱਡੇ -ਵੱਡੇ ਪਾਦਰੀ ਪੰਜਾਬ ਵਿੱਚ ਭੇਜੇ ਜਾ ਰਹੇ ਸਨ। ਉਸ ਸਮੇਂ ਸਿੱਖ ਪੰਥ ਦੀ ਦਸ਼ਾ

ਲੂਣਹਰਾਮੀ ਡੋਗਰਿਆਂ ਦੀ ਅਕ੍ਰਿਤਘਣਤਾ ਕਾਰਨ 1849 ਵਿੱਚ ਪੰਜਾਬ ਚੋਂ ਸਿੱਖ ਰਾਜ ਖਤਮ ਹੋ ਚੁੱਕਾ ਸੀ। ਜਿਸ ਦੇ ਫਲਸਰੂਪ ਕੌਮ ਵਿੱਚ ਇੰਨੀ ਆਤਮਹੀਣਤਾ ਆਈ ਕਿ ਕੌਮ ਲੜ ਖੜਾ ਗਈ। ਮੌਕਾ ਪ੍ਰਸਤ ਬਣੇ ਸਿੱਖ ਦੁਬਾਰਾ ਹਿੰਦੂ ਮਤ ਵਿੱਚ ਸ਼ਾਮਲ ਹੋਣੇ ਸ਼ੁਰੂ ਹੋ ਗਏ। ਸਤਲੁਜ ਤੋਂ ਉਰਾਰ ਦੇ ਸਿੱਖ ਸਰਦਾਰ, ਮਹਾਰਾਜੇ ਆਦਿ ਤਾਂ ਪਹਿਲਾਂ ਹੀ 1807 ਈਸਵੀ ਵਿੱਚ ਆਪਣੀਆਂ ਕੁਰਸੀਆਂ ਖਾਤਰ ਅੰਗਰੇਜ਼ਾਂ ਦੇ ਜੀ-ਹਜ਼ੂਰੀਏ ਬਣ ਚੁੱਕੇ ਸਨ ਤੇ ਹੁਣ ਸਤਲੁਜ ਪਾਰ ਦੇ ਸਿੱਖ ਆਗੂਆਂ ਨੂੰ ਆਪਣੀ ਜਾਨ ਬਚਾਉਣ ਲਈ ਅੰਗਰੇਜ਼ਾਂ ਦੀ ਈਨ ਮੰਨਣੀ ਪਈ ਤੇ ਲਗਭਗ ਸਾਰੇ ਆਗੂ (ਭਾਈ ਮਹਾਰਾਜ ਸਿੰਘ ਜੀ ਵਰਗਿਆਂ ਨੂੰ ਛੱਡ ਕੇ) ਅੰਗਰੇਜ਼ਾਂ ਦੀ ਝੋਲੀ ਵਿੱਚ ਜਾ ਪਏ ਸਨ।

ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸਿੱਖ ਕੌਮ ਦੀ ਗਿਣਤੀ ਇੱਕ ਕਰੋੜ ਤੋਂ ਉਪਰ ਸੀ, ਪਰ ਗਿਆਨੀ ਦਿਤ ਸਿੰਘ ਜੀ ਦੇ ਸਮੇਂ ਤੱਕ ਘਟ ਕੇ ਕੇਵਲ 18 ਕੁ ਲੱਖ ਦੇ ਲਗਭਗ ਹੀ ਰਹਿ ਗਈ ਸੀ। ਸਿੱਖ ਫੌਜੀ ਹੁਣ ਅੰਗਰੇਜ਼ ਦੀ ਫੌਜ ਵਿੱਚ ਭਰਤੀ ਹੋਣ ਲੱਗ ਪਏ ਸਨ ਪਰ ਇਸ ਦੇ ਬਾਵਜੂਦ ਵੀ ਅੰਗਰੇਜ਼ ਦੀ ਇਹ ਕੋਸ਼ਿਸ਼ ਜਾਰੀ ਰਹੀ ਕਿ ਸਿੱਖਾਂ ਨੂੰ ਜਥੇਬੰਦਕ ਤੌਰ 'ਤੇ ਇਕੱਠਾ ਨਾ ਹੋਣ ਦਿੱਤਾ ਜਾਵੇ, ਪਰ ਸਿੱਖਾਂ ਨੇ ਨਾਮਧਾਰੀ ਲਹਿਰ ਦੇ ਰੂਪ ਵਿੱਚ ਅੰਗੇਰਜ਼ਾਂ ਦੀ ਇਸ ਪਾਬੰਦੀ ਦੇ ਖਿਲਾਫ਼ ਸਿਰ ਚੁੱਕਿਆ। ਇਸ ਤੋਂ ਬਾਅਦ ਈਸਾਈਅਤ ਦੇ ਪ੍ਰਚਾਰ ਦੇ ਨਾਲ-ਨਾਲ ਆਰੀਆ ਸਮਾਜੀਆਂ ਦੇ ਪ੍ਰਚਾਰ ਨੇ ਵੀ ਸਿੱਖ ਪੰਥ ਨੂੰ ਭਾਰੀ ਢਾਹ ਲਾਉਣੀ ਸ਼ੁਰੂ ਕਰ ਦਿੱਤੀ। 1881 ਦੀ ਮਰਦਮ ਸ਼ੁਮਾਰੀ ਵਿੱਚ ਸਿੱਖਾਂ ਦੀ ਗਿਣਤੀ ਕੇਵਲ 18 ਲੱਖ 53 ਹਜ਼ਾਰ 429 ਰਹਿ ਗਈ।

**ਗਿਆਨੀ ਜੀ ਦਾ ਲਾਹੌਰ ਦੇ ਗੁਲਾਬਦਾਸੀਆਂ 'ਦੇ ਡੇਰੇ ਤੇ ਆਉਣਾ :**

ਗਿਆਨੀ ਦਿਤ ਸਿੰਘ ਜੀ ਜਦ ਕਾਫੀ ਵਿਦਿਆ ਪ੍ਰਾਪਤ ਕਰ ਚੁੱਕੇ ਤਾਂ ਗੁਲਾਬਦਾਸੀ ਸੰਤਾਂ ਦੀ ਇਛਿਆ ਅਨੁਸਾਰ ਆਪ ਲਾਹੌਰ ਵਿੱਚ ਗੁਲਾਬਦਾਸੀਆਂ ਦੇ ਪ੍ਰਸਿੱਧ ਡੇਰੇ ਵਿੱਚ ਆ ਗਏ। ਚੱਠਿਆਂ ਵਾਲੇ ਦੇ ਸੰਤ ਦੇਸਾ ਸਿੰਘ ਜੀ ਦੀ ਸੰਗਤ ਨਾਲ ਆਪ ਹੁਣ ਸਾਧਾਂ ਵਾਲੇ ਫਕੀਰੀ ਲਿਬਾਸ ਦੇ ਧਾਰਨੀ ਹੋ ਗਏ ਤੇ ਸਭ ਤੋਂ ਪਹਿਲਾਂ ਆਪ ਨੇ ਗੁਲਾਬਦਾਸੀਆਂ ਦੇ ਪ੍ਰਚਾਰਕ ਦੇ ਤੌਰ ਤੇ ਪਬਲਿਕ ਮੀਟਿੰਗਾਂ ਤੇ ਸੰਗਤਾਂ ਵਿੱਚ ਆਪਣੇ ਪ੍ਰਭਾਵਸ਼ਾਲੀ ਲੈਕਚਰ ਦੇਣੇ ਸ਼ੁਰੂ ਕੀਤੇ। ਕਈ ਵਾਰ ਸਵਾਹ ਆਦਿ ਮਲਕੇ ਮੜੀਆਂ-ਮਸਾਣਾਂ ਵਿੱਚ ਵੀ ਜਾ ਬੈਠਦੇ ਤੇ ਭਜਨ ਵਿੱਚ ਜੁੜਨ ਦੀ ਕੋਸ਼ਿਸ਼ ਕਰਦੇ ਰਹਿੰਦੇ। ਪਰ ਆਪ ਦੇ ਇਸ ਵਿਕਰਾਲ ਰੂਪ ਨੂੰ ਵੇਖ ਕੇ ਕਈ ਵਾਰ ਭੋਲੇ ਭਾਲੇ ਡਰ ਵੀ ਜਾਂਦੇ ਤੇ ਬੱਚੇ ਤਾਂ ਚੀਕਾਂ ਹੀ ਮਾਰਨ ਲਗ ਜਾਂਦੇ, ਜਿਸ ਕਰਕੇ

ਗਿਆਨੀ ਜੀ ਨੂੰ ਛੇਤੀ ਹੀ ਇਸ ਫਕੀਰੀ ਲਿਬਾਸ ਬਾਰੇ ਕੁਝ ਸ਼ੰਕੇ ਤੇ ਘ੍ਰਿਣਾ ਪੈਦਾ ਹੋ ਗਈ।

ਇਸ ਸਮੇਂ ਪੰਜਾਬ ਵਿੱਚ ਅੰਗਰੇਜ਼ ਪੂਰੇ ਜ਼ੋਰ ਨਾਲ ਇਸਾਈ ਮਤ ਦਾ ਪ੍ਰਚਾਰ ਕਰ ਰਿਹਾ ਸੀ। ਉਸ ਦਾ ਖਿਆਲ ਸੀ ਕਿ ਇਥੇ ਸਾਡੀ ਹਕੂਮਤ ਤਦ ਹੀ ਠੀਕ ਤੌਰ ਤੇ ਚਲ ਸਕਦੀ ਹੈ ਜੇ ਪੰਜਾਬੀਆਂ ਵਿੱਚ ਇਸਾਈਅਤ ਦਾ ਖੂਨ ਪੂਰੇ ਜ਼ੋਰ ਨਾਲ ਦਾਖਲ ਕਰ ਦਿੱਤਾ ਜਾਵੇ। ਇਸ ਪ੍ਰਚਾਰ ਦਾ ਜ਼ੋਰਦਾਰ ਜੁਆਬ ਦੇਣ ਲਈ ਪਹਿਲਾਂ ਪੰਜਾਬ ਵਿੱਚ ਆਰੀਆ ਸਮਾਜ ਦੀ ਲਹਿਰ ਹੋਂਦ ਵਿੱਚ ਆਈ। ਉਹਨੀਂ ਦਿਨੀਂ ਸੁਆਮੀ ਦਯਾ ਨੰਦ ਨੇ ਆਰੀਆ ਸਮਾਜ ਦਾ ਪ੍ਰਚਾਰ ਭਾਵੇਂ ਸਾਰੇ ਹਿੰਦੋਸਤਾਨ ਵਿੱਚ ਕੀਤਾ, ਪਰ ਕਾਮਯਾਬੀ ਸਭ ਤੋਂ ਵਧ ਪੰਜਾਬ ਵਿੱਚ ਹੋਈ। ਇਸ ਦਾ ਵੱਡਾ ਕਾਰਨ ਸਿੱਖਾਂ ਦਾ ਸਹਿਯੋਗ ਸੀ ਕਿਉਂਕਿ ਸਿੱਖ ਵੀ ਮੂਰਤੀ ਪੂਜਕ ਨਹੀਂ ਸਨ ਤੇ ਆਰੀਆ ਸਮਾਜੀ ਵੀ ਮੂਰਤੀ ਪੂਜਕਾਂ ਦੇ ਵਿਰੋਧੀ ਸਨ। ਇਸ ਲਈ ਪੰਜਾਬ ਵਿੱਚ ਆਰੀਆ ਸਮਾਜੀ ਲਹਿਰ ਦੇ ਚਲਾਉਣ ਵਿੱਚ ਵੀ ਸਿੱਖਾਂ ਨੇ ਹੀ ਬਹੁਤਾ ਹਿੱਸਾ ਪਾਇਆ। ਭਾਈ ਜਵਾਹਰ ਸਿੰਘ ਜੀ, ਜੋ ਰੇਲਵੇ ਵਿੱਚ ਮੁਲਾਜ਼ਮ ਸਨ, ਇਹਨਾਂ ਦੇ ਪਹਿਲੇ ਸਕੱਤਰ ਥਾਪੇ ਗਏ। ਉਸ ਵੇਲੇ ਇਹਨਾਂ ਦਾ ਸਿਰਫ ਈਸਾਈਅਤ ਦੇ ਖੰਡਨ ਕਰਨ ਉੱਤੇ ਹੀ ਜ਼ੋਰ ਸੀ। ਇਸੇ ਲਈ ਜਦ ਆਰੀਆ ਸਮਾਜੀ ਲੀਡਰ ਸਵਾਮੀ ਦਯਾ ਨੰਦ ਪਹਿਲੀ ਵਾਰੀ ਲਾਹੌਰ ਆਏ ਤਾਂ ਉਨ੍ਹਾਂ ਦੀ ਤਕਰੀਰ ਕਰਨ ਲਈ ਗੁਰਦੁਆਰਾ ਡੇਹਰਾ ਸਾਹਿਬ ਵਿੱਚ ਹੀ ਸਿੱਖਾਂ ਵੱਲੋਂ ਪ੍ਰਬੰਧ ਕੀਤਾ ਗਿਆ। ਗਿਆਨੀ ਦਿਤ ਸਿੰਘ ਜੀ, ਭਾਈ ਜਵਾਹਰ ਸਿੰਘ ਜੀ ਦੇ ਕਾਫੀ ਗੂੜ੍ਹੇ ਮਿਤਰ ਸਨ ਤੇ ਇਨ੍ਹਾਂ ਰਾਹੀਂ ਹੀ ਸੁਆਮੀ ਦਯਾ ਨੰਦ ਨਾਲ ਇਹਨਾਂ ਦਾ ਸੰਪਰਕ ਪੈਦਾ ਹੋਇਆ। ਬਚਨ-ਬਿਲਾਸ ਕੀਤੇ ਗਏ, ਤਾਂ ਸਵਾਮੀ ਦਯਾਨੰਦ ਜੀ ਜਾਣ ਗਏ ਕਿ ਜੇ ਇਹ ਸਾਡੇ ਵਿਰੁੱਧ ਹੋ ਗਏ ਤਾਂ ਇਨ੍ਹਾਂ ਦੀਆਂ ਦਲੀਲਾਂ ਦਾ ਜਵਾਬ ਸਾਡੇ ਲਈ ਦੇਣਾ ਮੁਸ਼ਕਿਲ ਹੋ ਜਾਵੇਗਾ, ਸੋ ਉਨ੍ਹਾਂ ਨੇ ਗਿਆਨੀ ਜੀ ਦਾ ਬੜਾ ਸਨਮਾਨ ਕੀਤਾ ਤੇ ਇਸ ਗਲ ਲਈ ਉਨ੍ਹਾਂ ਨੂੰ ਮਨਾਉਣ ਤੇ ਬੜਾ ਜ਼ੋਰ ਲਾਇਆ ਕਿ ਉਹ ਮੈਦਾਨ ਵਿੱਚ ਆ ਕੇ ਸਾਡਾ ਹੀ ਸਾਥ ਦੇਣ। ਗੁਲਾਬਦਾਸੀ ਸੰਤਾਂ ਨੇ ਸਭ ਤੋਂ ਪਹਿਲੇ ਆਰੀਆ ਸਮਾਜ ਦਾ ਪ੍ਰਭਾਵ ਕਬੂਲ ਕਰਕੇ ਉਨ੍ਹਾਂ ਦਾ ਪੈਰੋਕਾਰ ਬਣਨਾ ਪ੍ਰਵਾਨ ਕਰ ਲਿਆ ਸੀ ਇਸ ਲਈ ਗਿਆਨੀ ਜੀ ਵੀ ਕੁਝ ਚਿਰ ਲਈ ਉਨ੍ਹਾਂ ਦੇ ਪ੍ਰੋਗਰਾਮ ਮੁਤਾਬਿਕ ਹੀ ਕੰਮ ਕਰਦੇ ਰਹੇ।

**ਗਿਆਨੀ ਜੀ ਪੰਥ ਸੇਵਾ ਦੇ ਮੈਦਾਨ ਵਿੱਚ :**

ਲਾਹੌਰ ਵਿੱਚ ਰਹਿੰਦਿਆਂ ਗਿਆਨੀ ਜੀ ਦੀ ਓਰੀਐਂਟਲ ਕਾਲਜ ਦੇ ਪ੍ਰੋ. ਗੁਰਮੁਖ ਸਿੰਘ ਜੀ ਨਾਲ ਇੱਕ ਵਾਰੀ ਭੇਂਟ ਹੋ ਗਈ। ਪ੍ਰੋਫੈਸਰ ਸਾਹਿਬ ਬੜੇ

ਸੂਝਵਾਨ, ਦੂਰ ਦੀ ਸੋਚਣ ਵਾਲੇ ਗੁਰਸਿੱਖ ਸਨ। ਉਨ੍ਹਾਂ ਨੇ ਜ਼ੋਰ ਦਿੱਤਾ ਕਿ ਗਿਆਨੀ ਦਿਤ ਸਿੰਘ ਜੀ 'ਗਿਆਨੀ' ਦੀ ਪ੍ਰੀਖਿਆ ਪਾਸ ਕਰਨ ਅਤੇ ਫਿਰ ਇਥੇ ਉਨ੍ਹਾਂ ਕੋਲ ਲਾਹੌਰ ਵਿੱਚ ਹੀ ਰਹਿਣ।

ਪ੍ਰੋ. ਗੁਰਮੁਖ ਸਿੰਘ ਜੀ ਦੀ ਸੰਗਤ ਕਰਕੇ ਗਿਆਨੀ ਜੀ ਨੇ ਸਿੱਖੀ ਦੇ ਪ੍ਰਭਾਵ ਨੂੰ ਕਬੂਲ ਲਿਆ। ਆਪ ਗੁਰਸਿੱਖੀ ਜੀਵਨ ਦੇ ਸਾਂਚੇ ਵਿੱਚ ਹੌਲੀ-ਹੌਲੀ ਢੱਲ ਗਏ। ਗੁਰਮਤਿ ਫਿਲਾਸਫੀ ਦੇ ਮਹਾਨ ਸਿਧਾਂਤਾਂ ਨੇ ਇਹਨਾਂ ਦੀ ਕਾਇਆ ਕਲਪ ਕਰ ਦਿੱਤੀ। ਇੱਕ ਸਾਲ ਵਿੱਚ ਗਿਆਨੀ ਪਾਸ ਕਰ ਲਈ। (ਉਦੋਂ ਗਿਆਨੀ ਦੀ ਪੜਾਈ ਵਿੱਚ ਅੱਜ ਕਲ ਵਾਂਗ ਨਿਰੀਆਂ ਕਿੱਸੇ ਕਹਾਣੀਆਂ ਹੀ ਨਹੀਂ ਸਨ, ਬਲਕਿ ਗੂੜ-ਗਿਆਨ ਦਾ ਮਸਾਲਾ ਪੜ੍ਹਨਾ ਪੈਂਦਾ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੂੜ੍ਹ ਭਾਵਾਂ ਨੂੰ ਸਮਝਣ ਤੇ ਆਮ ਅਰਥਾਂ ਤੋਂ ਜਾਣੂ ਹੋਣ ਦੀ ਲੋੜ ਪੈਂਦੀ ਸੀ।) ਗਿਆਨੀ ਦੀ ਪ੍ਰੀਖਿਆ ਚੰਗੇ ਨੰਬਰਾਂ ਵਿੱਚ ਪਾਸ ਕਰਨ ਉਪਰੰਤ ਪ੍ਰੋਫੈਸਰ ਗੁਰਮੁਖ ਸਿੰਘ ਜੀ ਦੇ ਜ਼ੋਰ ਦੇਣ ਕਰਕੇ ਆਪ ਉਸੇ ਕਾਲਜ ਵਿੱਚ ਹੀ ਮਨੁੱਖਤਾ ਦੇ ਗੁਣਾਂ ਉੱਤੇ ਲੈਕਚਰ ਦੇਣ ਲੱਗ ਪਏ ਅਤੇ ਉਦੋਂ ਤੋਂ ਹੀ ਆਪ ਜੀ ਦੀ ਬੋਲਣ ਸ਼ਕਤੀ ਵਿੱਚ ਵਾਧਾ ਹੋਣ ਲਗਾ। ਫਿਰ ਆਪ ਨੂੰ ਇਸੇ ਕਾਲਜ ਵਿੱਚ ਹੀ ਪੱਕੇ ਤੌਰ 'ਤੇ ਧਾਰਮਿਕ ਪ੍ਰੋਫੈਸਰ ਦੀ ਡਿਊਟੀ ਸੌਂਪ ਦਿੱਤੀ ਗਈ, ਜਿਸ ਨੂੰ ਆਪ ਨੇ ਇੰਨੀ ਯੋਗਤਾ ਨਾਲ ਨਿਭਾਇਆ ਕਿ ਦੋ ਕੁ ਸਾਲਾਂ ਵਿੱਚ ਹੀ ਆਪ ਦੇ ਹੁਨਰ ਦੀਆਂ ਧੁੰਮਾਂ ਪੈ ਗਈਆਂ। ਆਰੀਆ ਸਮਾਜੀਆਂ ਦੀ ਲਹਿਰ ਨੂੰ ਸੁਧਾਰਕ ਤੇ ਈਸਾਈਅਤ ਦੇ ਉਲਟ ਸਮਝ ਕੇ ਸਿੱਖ ਅਜੇ ਸੁਆਮੀ ਦਯਾ ਨੰਦ ਦੇ ਵਿਰੋਧੀ ਨਹੀਂ ਸਨ ਬਣੇ, ਪਰ ਸਿਆਣੇ ਤੇ ਦੂਰਅੰਦੇਸ਼ ਸਿੱਖਾਂ ਨੇ ਸੁਆਮੀ ਦਯਾ ਨੰਦ ਦੇ ਪ੍ਰਚਾਰ ਨੂੰ ਸਿੱਖਾਂ ਲਈ ਮਾਰੂ ਮਹਿਸੂਸ ਕਰਨਾ ਸ਼ੁਰੂ ਕਰ ਦਿੱਤਾ ਸੀ। ਕਿਉਂਕਿ ਇੱਕ ਤਾਂ ਇਨ੍ਹਾਂ ਦੀ ਫਿਲਾਸਫੀ ਇੱਕ ਅਕਾਲ ਪੁਰਖ ਦੀ ਬਜਾਏ ਕੇਵਲ ਕੁਦਰਤ ਤੱਕ ਹੀ ਸੀਮਿਤ ਸੀ ਤੇ ਦੂਜਾ ਮੁੰਡਨ ਆਦਿ ਦੇ ਇਹ ਪੱਕੇ ਹਾਮੀ ਸਨ। ਪਰ ਆਮ ਸਿੱਖਾਂ ਦੀ ਹਮਾਇਤ ਨੇ ਦਯਾ ਨੰਦ ਦਾ ਕਾਫੀ ਹੌਂਸਲਾ ਵਧਾਇਆ ਜਿਸ ਕਰਕੇ ਉਹ ਹੰਕਾਰੀ ਹੋ ਗਿਆ। ਸੁਆਮੀ ਦਯਾ ਨੰਦ ਅਪਾਣੇ ਆਪ ਨੂੰ ਰੱਬ ਹੀ ਸਮਝਣ ਲੱਗ ਪਿਆ ਅਤੇ ਹਰੇਕ ਨਾਲ ਬਹਿਸਾਂ ਕਰਨ ਲੱਗ ਪਿਆ। ਜੋ ਉਸਦੇ ਜੀਅ ਆਇਆ, ਲਿਖੀ ਗਿਆ। ਉਸਦਾ ਹੌਂਸਲਾ ਇਥੋਂ ਤੱਕ ਵਧਿਆ ਕਿ ਉਸ ਨੇ ਗੁਰੂ ਸਾਹਿਬਾਨ ਦੇ ਵਿਰੁੱਧ ਵੀ ਕਬੋਲ ਬੋਲਣੇ ਸ਼ੁਰੂ ਕਰ ਦਿੱਤੇ ਤੇ ਆਪਣੇ ਗ੍ਰੰਥ 'ਸਤਿਆਰਥ ਪ੍ਰਕਾਸ਼' ਵਿੱਚ ਗੁਰੂ ਨਾਨਕ ਸਾਹਿਬ ਜੀ ਦੇ ਵਿਰੁੱਧ ਇਸ ਤਰ੍ਹਾਂ ਦੀਆਂ ਬਹੁਤ ਗਲਤ ਗੱਲਾਂ ਲਿਖੀਆਂ। ਜਿਵੇਂ ਕਿ :

"ਨ਼ਾਨਕ ਜੀ ਕ਼ਾ ਆਸ਼ਯ ਤੋਂ ਅੱਛਾ ਥਾ ਪ੍ਰੰਤੂ ਵਿਦਿਆ ਕੁਛ ਭੀ ਨਹੀਂ ਥੀ।

ਹਾਂ ਭਾਸ਼ਾ ਉਸ ਦੇਸ਼ ਕੀ ਜੋ ਕਿ ਗਰਾਮੋਂ ਕੀ ਹੈ ਉਸੇ ਜਾਨਤੇ ਥੇ। ਵੇਦ ਆਦਿ ਸ਼ਾਸਤਰ ਔਰ ਸੰਸਕ੍ਰਿਤ ਕੁਛ ਭੀ ਨਹੀਂ ਜਾਨਤੇ ਥੇ। ਜੋ ਜਾਨਤੇ ਹੋਤੇ ਤੋ 'ਨਿਰਭਯ' ਸ਼ਬਦ ਕੋ 'ਨਿਰਭਉ' ਕਿਉਂ ਲਿਖਤੇ? ਔਰ ਇਸਕਾ ਦ੍ਰਿਸ਼ਟਾਂਤ ਉਨਕਾ ਬਨਾਯਾ ਸੰਸਕ੍ਰਿਤੀ ਇਸੋਤ੍ਰ ਹੈ, ਚਾਹਤੇ ਕੇ ਕਿ ਮੈਂ ਸੰਸਕ੍ਰਿਤ ਮੇਂ ਭੀ ਪਗ ਅੜਾਊਂ ਪਰੰਤੂ ਬਿਨ੍ਹਾਂ ਪਢੇ ਸੰਸਕ੍ਰਿਤ ਕੈਸੇ ਆ ਸਕਤਾ ਹੈ? ਹਾਂ ਉਨ ਗ੍ਰਾਮੀਣੋ ਕੇ ਸਾਮਨੇ ਕਿ ਜਿਨਹੋਂ ਨੇ ਸੰਸਕ੍ਰਿਤ ਕਭੀ ਸੁਨਾ ਭੀ ਨਹੀਂ ਥਾਂ ਸੰਸਕ੍ਰਿਤੀ ਬਨਾਕਰ ਸੰਸਕ੍ਰਿਤ ਕੇ ਭੀ ਪੰਡਿਤ ਬਨ ਗਏ ਹੋਂਗੇ। ਭਲਾ ਯਾਹ ਬਾਤ ਅਪਨੇ ਮਾਨ ਪ੍ਰਤਿਸ਼ਠਾ ਔਰ ਆਪਦੀ ਪ੍ਰਖਯਾਤੀ ਕੀ ਇਛਾ ਕੇ ਬਿਨਾਂ ਕਭੀ ਨ ਕਰਤੇ। ਉਨਕੋ ਅਪਨੀ ਪ੍ਰਤਿਸ਼ਠਾ ਕੀ ਇਛਾ ਅਵਸ਼ਯ ਥੀ ਨਹੀਂ ਤੋਂ ਜੈਸੀ ਭਾਸ਼ਾ ਜਾਨਤੇ ਥੇ ਕਹਤੇ ਰਹਤੇ ਔਰ ਯਹ ਭੀ ਕਹਿ ਦੇਤੇ ਕਿ ਮੈਂ ਸੰਸਕ੍ਰਿਤ ਨਹੀਂ ਪਢਾ। ਜਬ ਕੁਛ ਅਭਿਮਾਨ ਥਾ ਤੋਂ ਮਾਨ ਪ੍ਰਤਿਸ਼ਠਾ ਕੇ ਲੀਏ ਕੁਛ ਦੰਭ ਭੀ ਕਿਯਾ ਹੋਗਾ? ਇਸੇ ਲਈ ਉਨਕੇ ਗ੍ਰੰਥ ਮੇ ਜਹਾਂ ਤਹਾਂ ਵੇਦੋਂ ਕੀ ਨਿੰਦਾ ਔਰ ਇਸਤੁਤਿ ਭੀ ਹੈ, ਕਿਉਂਕਿ ਜੋ ਐਸਾ ਨ ਕਰਤੇ ਤੋਂ ਉਨਸੇ ਭੀ ਕੋਈ ਵੇਦ ਕਾ ਅਰਥ ਪੂਛਤਾ, ਜਬ ਨ ਆਤਾ ਤਬ ਪ੍ਰਤਿਸ਼ਠਾ ਨਸ਼ਟ ਹੋਤੀ, ਇਸ ਲੀਏ ਪਹਿਲੇ ਹੀ ਅਪਨੇ ਸ਼ਿਸ਼ੀਓਂ ਕੇ ਸਾਮਨੇ ਕਹੀਂ ਕਹੀਂ ਵੇਦੋਂ ਕੇ ਵਿਰੁਧ ਬੋਲਤੇ ਥੇ ਔਰ ਕਹੀਂ ਕਹੀਂ ਵੇਦ ਕੇ ਲੀਏ ਅਛਾ ਭੀ ਕਹਾ ਹੈ, ਕਿਉਂਕਿ ਜੋ ਕਹੀਂ ਅਛਾ ਨ ਕਹਿਤੇ ਤੋ ਲੋਗ ਉਨਕੋ ਨਾਸਿਤਕ ਬਨਾਤੇ, ਜੈਸੇ :

ਵੇਦ ਪੰਡਤ ਬ੍ਰਹਿਮਾ ਮੋਰ ਚਾਦੋਂ ਕਹਾਨੀ॥
ਸੰਤ (ਸਾਧ) ਕਿ ਮਹਿੰਮਾ ਵੇਦ ਨ ਜਾਨੇ॥

(ਸੁਖਮਨੀ ਸਾਹਿਬ)

ਨਾਨਕ ਬ੍ਰਹਮਗਿਆਨੀ ਆਪ ਪਰਮੇਸ਼ਵਰ॥

(ਸੁਖਮਨੀ ਸਾਹਿਬ)

ਕਿਆ ਵੇਦ ਪੜਨੇ ਵਾਲੇ ਮਰ ਗਏ ਔਰ ਨਾਨਕ ਜੀ ਆਦਿ ਅਪਨੇ ਕੋ ਅਮਰ ਸਮਝਤੇ ਥੇ? ਕਿਆ ਵੇ ਨਹੀਂ ਮਰ ਗਏ? ਵੇਦ ਤੋਂ ਸਭ ਵਿਦਾਯੋਂ ਕਾ ਭੰਡਾਰ ਹੈ, ਪ੍ਰੰਤੂ ਜੋ ਚਾਰੋਂ ਵੇਦੋਂ ਕੀ ਕਹਾਣੀ ਕਹੇ ਉਸ੍ਕੀ ਸਭ ਬਾਤ ਕਹਾਣੀ ਹੈ। ਜੋ ਮੂਰਖੋਂ ਕਾ ਨਾਮ ਸੰਤ ਹੋਤਾ ਹੈ ਵੇ ਵਿਚਾਰੇ ਵੇਦੋਂ ਕੀ ਮਹਿਮਾ ਕਭੀ ਨਹੀਂ ਜਾਨ ਸਕਤੇ! ਜੋ ਨਾਨਕ ਜੀ ਵੇਦੋਂ ਹੀ ਕਾ ਮਾਨ ਕਰਤੇ ਤੋ ਉਨਕਾ ਸਮਪ੍ਰਦਾਯ ਨ ਚਲਤਾ ਨ ਵੇ ਗੁਰੂ ਬਨ ਸਕਤੇ ਥੇ ਕਿਉਂਕਿ ਸੰਸਕ੍ਰਿਤ ਵਿਦਿਆ ਤੋਂ ਪੜੇ ਹੀ ਨਹੀਂ ਥੇ ਤੋ ਦੂਸਰੇ ਕੋ ਪੜਾ ਕਰ ਸ਼ਿਸ਼ਏ ਕੈਸੇ ਬਨਾ ਸਕਤੇ ਥੇ।

ਯਹ ਸੱਚ ਹੈ ਕਿ ਜਿਸ ਸਮਯ ਨਾਨਕ ਜੀ ਪੰਜਾਬ ਮੇਂ ਹੁਏ ਥੇ ਉਸ ਸਮਯ

ਪੰਜਾਬ ਸੰਸਕ੍ਰਿਤ ਵਿਦਿਆ ਸੇ ਸਰਵਥਾ ਰਹਿਤ ਮੁਸਲਮਾਨੋਂ ਸੇ ਪੀੜਿਤ ਥਾ। ਉਸ ਸਮਯ ਉਹਨੋਂ ਨੇ ਕੁਛ ਲੋਗੋਂ ਕੋ ਬਚਾਯਾ। ਨਾਨਕ ਜੀ ਕੇ ਸਾਮਨੇ ਕੁਛ ਉਨਕਾ ਸਮਪ੍ਰਦਾਯ ਵਾ ਬਹੁਤ ਸੇ ਸ਼ਿਸ਼ਏ ਨਹੀਂ ਹੁਏ ਥੇ, ਕਿਉਂਕਿ ਅਵਿਧਵਾਨੋ ਮੇਂ ਯੇਹ ਚਾਲ ਹੈ ਕਿ ਮਰੇ ਪੀਛੇ ਉਨਕੋ ਸਿਧ ਬਨਾ ਲੇਤੇ ਹੈਂ। ਪਸਚਾਤ ਬਹੁਤ ਸਾ ਮਾਹਾਤਮਯ ਕਰਕੇ ਇਸ਼ਵਰ ਕੋ ਸਮਾਨ ਮਾਨ ਲੇਤੇ ਹੈਂ।

ਹਾਂ! ਨਾਨਕ ਜੀ ਬੜੇ ਧਨਾਢਯੇ ਔਰ ਰਈਸ ਭੀ ਨਹੀਂ ਥੇ। ਪ੍ਰੰਤੂ ਉਨਕੇ ਚੇਲੋਂ ਨੇ 'ਨਾਨਕ ਚੰਦਰੋਦਯ' ਔਰ 'ਜਨਮਸਾਖੀ' ਆਦਿ ਮੇਂ ਬੜੇ-ਬੜੇ ਐਸ਼ਵਰਯ ਵਾਲੇ ਥੇ, ਲਿਖਾ ਹੈ। ਨਾਨਕ ਜੀ ਬ੍ਰਹਮਾ ਆਦਿ ਸੇ ਮਿਲੇ, ਬੜੀ ਬਾਤ ਚੀਤ ਕੀ, ਸਭ ਨੇ ਇਨਕਾਂ ਮਾਨਏ ਕਿਆ, ਨਾਨਕ ਜੀ ਕੇ ਵਿਵਹਾ ਮੇਂ ਬਹੁਤ ਸੇ ਘੋੜੇ, ਰਥ, ਹਾਥੀ, ਸੋਨੇ, ਚਾਂਦੀ ਮੋਤੀ ਪਨਾ ਆਦਿ ਰਤਨੋਂ ਸੇ ਜੁੜੇ ਹੋਏ ਔਰ ਅਮੁਲਏ ਰਤਨੋਂ ਕਾ ਪਾਰਾਵਾਰ ਨ ਥਾ ਲਿਖਾ ਹੈ। ਭਲਾ ਯੇ ਗਪੋੜੇ ਨਹੀਂ ਤੋ ਕਿਆ ਹੈ? ਇਸਮੇ ਇਨਕੇ ਚੇਲੋਂ ਕਾ ਦੋਸ਼ ਹੈ ਨਾਨਕ ਜੀ ਕਾ ਨਹੀਂ।

ਦੂਸਰਾ ਜੋ ਉਨਕੇ ਪੀਛੇ ਉਨਕੇ ਲੜਕੇ ਸੇ ਉਦਾਸੀ ਚਲੇ ਔਰ ਰਾਮਦਾਸ ਆਦਿ ਸੇ ਨਿਰਮਲੇ। ਕਿਤਨੇ ਹੀ ਗਦੀ ਵਾਲੋਂ ਨੇ ਭਾਸ਼ਾ ਬਨਾਕਰ ਗ੍ਰੰਥ ਮੇਂ ਰਖੀ ਹੈ। ਅਰਥਾਤ ਇਨਕਾ ਗੁਰੂ ਗੋਬਿੰਦ ਸਿੰਘ ਜੀ ਦਸਮਾ ਹੁਆ। ਉਨਕੇ ਪੀਛੇ ਉਸ ਗਰੰਥ ਮੇ ਕਿਸੀ ਕੀ ਭਾਸ਼ਾ ਨਹੀਂ ਮਿਲਾਈ ਕਿੰਤੂ ਵਹਾਂ ਤੱਕ ਕੇ ਜਿਤਨੇ ਛੋਟੇ-ਛੋਟੇ ਪੁਸਤਕ ਥੇ ਉਨ ਸਬਕੋ ਇਕੱਠੇ ਕਰਕੇ ਜਿਲਦ ਬੰਦਵਾ ਦੀ। ਇਨ ਲੋਗੋਂ ਨੇ ਭੀ ਨਾਨਕ ਜੀ ਕੇ ਪੀਛੇ ਬਹੁਤ ਸੀ ਭਾਸ਼ਾ ਬਨਾਈ। ਕਿਤਨੋਂ ਹੀ ਨੇ ਨਾਨਾ ਪ੍ਰਕਾਰ ਕੀ ਪੁਰਾਣੋਂ ਕੀ ਮਿਥਿਆ ਕਥਾ ਕੇ ਤੁਲਾਏ ਬਨਾ ਦੀਏ ਪ੍ਰੰਤੂ ਬ੍ਰਹਮ ਗਿਆਨੀ ਆਪ ਪ੍ਰਮੇਸ਼ਵਰ ਬਣ ਕੇ ਉਸ ਪਰ ਕਰਮੋਂ ਪਾਸ਼ਨਾ ਛੋਡਕਰ ਇਨਕੇ ਸ਼ਿਸ਼ਯੇ ਝੁਕਤੇ ਆਏ। ਇਸਨੇ ਬਹੁਤ ਬਿਗਾੜ ਕਰ ਦੀਆ, ਨਹੀਂ ਜੋ ਨਾਨਕ ਜੀ ਨੇ ਕੁਛ ਭਗਤੀ ਵਿਸ਼ੇਸ਼ ਈਸ਼ਵਰ ਕੀ ਲਿਖੀ ਥੀ ਉਸੇ ਕਰਤੇ ਆਤੇ ਤੋ ਅੱਛਾ ਥਾ।

ਅਬ ਉਦਾਸੀ ਕਹਤੇ ਹੈਂ ਹਮ ਬੜੇ, ਨਿਰਮਲੇ ਕਹਿਤੇ ਹੈਂ ਹਮ ਬੜੇ, ਅਕਾਲੀ ਤਥਾ ਸੂਤਰਹਸਾਈ ਕਹਤੇ ਹੈ ਕਿ ਸਰਵੋਪਾਰੀ ਹਮ ਹੈਂ।

ਇਨਮੇ ਗੋਬਿੰਦ ਸਿੰਘ ਜੀ ਸੂਰਵੀਰ ਹੁਏ, ਜੋ ਮੁਸਲਮਾਨੋ ਨੇ ਉਨਕੇ ਪੁਰੁਸ਼ਾਉਂ ਕੋ ਬਹੁਤ ਸਾ ਦੁਖ ਦਿਆ ਥਾ ਉਨਸੇ ਵੈਰ ਲੈਣਾ ਚਾਹਤੇ ਥੇ ਪਰੰਤੂ ਇਨਕੇ ਪਾਸ ਕੁਛ ਸਾਮਗਰੀ ਨ ਥੀ ਔਰ ਉਧਰ ਮੁਸਲਮਾਨੋਂ ਕੀ ਬਾਦਸ਼ਾਹੀ ਹੋ ਰਹੀ ਥੀ ਇਨਹੋਂ ਨੇ ਏਕ ਪੁਰਸ਼ਚਰਣ ਕਰਵਾਇਆ। ਪ੍ਰਸਿੱਧੀ ਕੀ ਕਿ ਮੁਝਕੋ ਦੇਵੀ ਨੇ ਵਰ ਔਰ ਖੜਗ ਦਿਆ ਹੈ ਕਿ ਤੁਮ ਮੁਸਲਮਾਨੋਂ ਸੇ ਲੜੋ, ਤੁਮਹਾਰਾ ਬਿਜਯੇ ਹੋਗਾ। ਬਹੁਤ ਸੇ ਲੋਗ

ਉਨਕੇ ਸਾਥੀ ਹੋ ਗਏ ਔਰ ਉਹਨੋਂ ਨੇ, ਜੈਸੇ ਵਾਮਮਾਰਗਿਉਂ ਨੇ 'ਪੰਚਮਕਾਰ' ਚਕ੍ਰਾਂਕਿਤੋਂ ਨੇ 'ਪੰਚ ਸੰਸਕਾਰ' ਚਲਾਏ ਵੈਸੇ 'ਪੰਚ ਕਕਾਰ' ਅਰਥਾਤ ਇਨਕੇ ਪੰਚ ਕਕਾਰ ਯੁੱਧ ਕੇ ਉਪਯੋਗੀ ਥੇ। ਏਕ 'ਕੇਸ਼' ਅਰਥਾਤ ਜਿਸਕੇ ਰਖਨੇ ਸੇ ਲੜਾਈ ਮੇਂ ਲਕੜੀ ਔਰ ਤਲਵਾਰ ਸੇ ਕੁਛ ਬਚਾਵ ਹੋ, ਦੂਸਰ 'ਕੰਗਣ' ਜੋ ਸਿਰ ਕੇ ਉਪਰ ਪਗੜੀ ਮੇਂ ਅਕਾਲੀ ਲੋਗ ਰਖਤੇ ਹੈਂ ਔਰ ਹਾਥ ਮੇਂ 'ਕੜਾ' ਜਿਸਸੇ ਹਾਥ ਔਰ ਸਿਰ ਬਚ ਸਕੇਂ। ਤੀਸਰਾ 'ਕਾਛ' ਅਰਥਾਤ ਜਾਨੂੰ ਕੇ ਉਪਰ ਏਕ ਜਾਂਘਿਆ ਕਿ ਜੋ ਦੌੜਨੇ ਔਰ ਕੂਦਨੇ ਮੇਂ ਅਛਾ ਹੋਤਾ ਹੈ, ਬਹੁਤ ਕਰਕੇ ਅਖਾੜੇ ਕੇ ਮੱਲ ਔਰ ਨਟ ਭੀ ਇਸਕੋ ਇਸੀ ਲਈ ਧਾਰਣ ਕਰਤੇ ਹੈ ਕਿ ਜਿਸਸੇ ਸਰੀਰ ਕਾ ਮਰਮਇਸਥਾਨ ਬਚਾ ਰਹੇ ਔਰ ਅਟਕਾਵ ਨ ਹੋ। ਚੌਥਾ 'ਕੰਘਾ' ਕਿ ਜਿਸਸੇ ਕੇਸ ਸੁਧਰਤੇ ਹੈ। ਪਾਂਚਵਾਂ 'ਕਾਚੂ' (ਕਰਦ) ਜਿਸਸੇ ਸ਼ਤਰੂ ਸੇ ਭੇਟ ਭਟਕਾ ਹੋਣੇ ਸੇ ਲੜਾਈ ਮੇਂ ਕਾਮ ਆਵੇ, ਇਸ ਲਈ ਯਹ ਰੀਤਿ ਗੋਬਿੰਦ ਸਿੰਘ ਜੀ ਨੇ ਆਪਣੀ ਬੁਧੀ ਮੱਤਾ ਸੇ ਉਸ ਸਮੇਂ ਕੇ ਲੀਏ (ਕੀ) ਥੀ ਅਬ ਇਸ ਸਮੇਂ ਮੇਂ ਉਨਕਾ ਰਖਨਾ ਕੁਛ ਉਪਯੋਗੀ ਨਹੀਂ ਹੈ, ਪ੍ਰੰਤੂ ਅਬ ਜੋ ਯੁਧ ਕੇ ਪ੍ਰਯੋਜਨ ਕੇ ਲੀਏ ਬਾਤੇਂ ਕਰਤਵਏ ਥੀ ਉਨਕੋ ਧਰਮ ਕੇ ਸਾਥ ਮਾਨ ਲੀ ਹੈ।

ਮੂਰਤੀ ਪੂਜਾ ਤੋਂ ਨਹੀਂ ਕਰਤੇ ਕਿੰਤੂ ਉਸਸੇ ਵਿਸ਼ੇਸ਼ ਗ੍ਰੰਥ ਕੀ ਪੂਜਾ ਕਰਤੇ ਹੈਂ ਕਿਆ ਯਹ ਮੂਰਤੀ ਪੂਜਾ ਨਹੀਂ ਹੈ? ਕਿਸੀ ਜੜ ਪਦਾਰਥ ਕੇ ਸਾਮਨੇ ਸਿਰ ਝੁਕਾਨਾ ਵਾ ਉਸਕੀ ਪੂਜਾ ਸਭ ਮੂਰਤੀ ਪੂਜਾ ਹੈ। ਜੈਸੇ ਮੂਰਤੀ ਵਾਲੋਂ ਨੇ ਆਪਣੀ ਦੁਕਾਨ ਜਮਾਕਰ ਜੀਵਿਕਾ ਠਾਢੀ ਕੀ ਹੈ, ਵਯੇ ਇਨ ਲੋਗੋਂ ਨੇ ਭੀ ਕਰ ਲੀ ਹੇ ਜੈਸੇ ਪੁਜਾਰੀ ਲੋਗ ਮੂਰਤੀ ਕਾ ਦਰਸ਼ਨ ਕਰਾਤੇ, ਭੇਟ ਚੜਵਾਤੇ ਹੈਂ ਵੈਸੇ ਨਾਨਕ ਪੰਥੀ ਲੋਗ ਗਰੰਥ ਕੀ ਪੂਜਾ ਕਰਤੇ ਕਰਾਤੇ, ਭੇਟ ਭੀ ਚੜਵਾਤੇ ਹੈਂ ਅਰਥਾਤ ਮੂਰਤੀ ਪੂਜਾ ਵਾਲੇ ਜਿਤਨਾ ਵੇਦ ਕਾ ਮਾਨਯ ਕਰਤੇ ਹੈ ਉਤਨਾ ਯੇ ਲੋਗ ਗ੍ਰੰਥ ਸਾਹਿਬ ਵਾਲੇ ਨਹੀਂ ਕਰਤੇ?

ਹਾਂ ਯਹ ਕਹਾ ਜਾ ਸਕਤਾ ਹੈ ਕਿ ਇਹਨੋਂ ਨੇ ਵੇਦੋਂ ਕੋ ਸੁਨਾ ਨਾ ਦੇਖਾ ਕਿਆ ਕਰੇਂ? ਜੋ ਸੁਨਨੇ ਔਰ ਦੇਖਨੇ ਮੇ ਆਵੇਂ ਤੋਂ ਬੁਧੀਮਾਨ ਲੋਗ ਜੋ ਕਿ ਹਠੀ ਦੁਰਾਗ੍ਰਹਿ ਨਹੀਂ ਹੈਂ ਵੋ ਸਬ ਸਮਪ੍ਰਦਾਯੇ ਵਾਲੇ ਵੇਦਮੱਤ ਮੇਂ ਆ ਜਾਤੇ ਹੈਂ ਪ੍ਰੰਤੂ ਇਨ ਸਬ ਨੇ ਭੋਜਨ ਕਾ ਵਖੇੜਾ ਬਹੁਤ ਸਾ ਹਟਾ ਦਿਆ ਹੈ ਜੈਸੇ ਇਨੋਕ ਹਟਾਇਆ ਵੈਸੇ ਵਿਸ਼ਯਾ ਸ਼ਕਤੀ ਦੁਰਭਿਮਾਨ ਕੋ ਭੀ ਹਟਾਕਰ ਵੇਦਮੱਤ ਕੀ ਉਨਤੀ ਕਰੇਂ ਤੋਂ ਬਹੁਤ ਅਛੀ ਬਾਤ ਹੈ।"

(ਸਤਿਆਰਥ ਪ੍ਰਕਾਸ਼, ਸੰਮਤ 1939 ਬਿ:)

ਨਾਮਧਾਰੀ ਲਹਿਰ ਦੀ ਬਦੌਲਤ ਸਿੱਖਾਂ ਅੰਦਰ ਇੱਕ ਹੋਰ ਬਿਮਾਰੀ ਭੀ ਇਸ ਵੇਲੇ ਤੱਕ ਚੰਗੇ ਖੰਭ ਖਿਲਾਰੀ ਬੈਠੀ ਸੀ। ਗੁਰੂ ਡੰਮ ਦਾ ਵੀ ਚੰਗਾ ਬੋਲ ਬਾਲਾ

ਸੀ। ਇੱਕ ਪਾਸੇ ਨਿਰੰਕਾਰੀ, ਦੂਜੇ ਪਾਸੇ ਨਾਮਧਾਰੀ ਤੀਜੇ ਪਾਸੇ ਗੁਰੂ ਅੰਸ਼ਾਂ ਦੇ ਕੁਝ ਸਾਹਿਬਜ਼ਾਦੇ। ਬਾਬਾ ਖੇਮ ਸਿੰਘ ਜੀ ਬੇਦੀ ਆਦਿ ਜੋ ਗੁਰੂ ਅੰਸ਼ ਵਿੱਚੋਂ ਸਨ, ਉਹ ਹਰ ਥਾਂ ਹੀ ਸਿੱਖ ਸੰਗਤਾਂ ਅੰਦਰ ਅਜਿਹਾ ਪ੍ਰਚਾਰ ਹੀ ਕਰ ਰਹੇ ਸਨ ਤੇ ਉਨ੍ਹਾਂ ਦੀ ਇਸ ਗੱਲ ਵਿੱਚ ਕੁੱਝ ਸਿੱਖ ਰਾਜੇ ਮਹਾਰਾਜਿਆ ਦਾ ਮਦਈ ਹੋਣਾ ਤੇ ਹਾਂ ਵਿੱਚ ਹਾਂ ਮਿਲਾਉਣ ਦਾ ਕਾਰਨ ਵੀ ਸੀ।

1873 ਦੇ ਅੰਤ ਵਿੱਚ ਇਸਾਈਅਤ ਦੇ ਹੜ੍ਹ ਅੰਦਰ ਮਿਸ਼ਨ ਸਕੂਲ ਅੰਮ੍ਰਿਤਸਰ ਦੇ ਚਾਰ ਲੜਕੇ ਇਸਾਈ ਬਣਨ ਹੀ ਲੱਗੇ ਸਨ ਕਿ ਸਿੱਖ ਸੰਗਤਾਂ ਨੂੰ ਪਤਾ ਲਗ ਪਿਆ। ਇਸ ਦਾ ਸਿੱਖਾਂ ਨੇ ਬਹੁਤ ਬੁਰਾ ਮਨਾਇਆ ਤੇ ਬੜੀਆਂ ਕੋਸ਼ਿਸ਼ਾਂ ਮਗਰੋਂ ਉਨ੍ਹਾਂ ਲੜਕਿਆਂ ਨੂੰ ਪਤਿਤ ਹੋਣੋ ਬਚਾ ਲਿਆ ਗਿਆ। ਪਰ ਇਸ ਗੱਲ ਨੇ ਸਿੱਖਾਂ ਨੂੰ ਟੁੰਬ ਦਿੱਤਾ ਤੇ ਉਹਨਾਂ ਨੇ ਮਹਿਸੂਸ ਕੀਤਾ ਕਿ ਜੇ ਇਸ ਲਹਿਰ ਦਾ ਮੁਕਾਬਲਾ ਕਰਨ ਲਈ ਕੋਈ ਚਾਰਾ ਨਾ ਕੀਤਾ ਗਿਆ ਤਾਂ ਇਸ ਦੇ ਭਿਆਨਕ ਸਿੱਟੇ ਨਿਕਲਣਗੇ। ਸੋ ਸਿੱਖ ਮੁੱਖੀਆਂ ਵੱਲੋਂ ਇਸ ਬਿਮਾਰੀ ਦੀ ਰੋਕਥਾਮ ਲਈ 1874 ਵਿੱਚ ਹੀ, ਅੰਮ੍ਰਿਤਸਰ ਵਿੱਚ ਸ੍ਰੀ ਗੁਰੂ ਸਿੰਘ ਸਭਾ ਕਾਇਮ ਕਰ ਲਈ। ਉਹਨੀਂ ਦਿਨੀਂ ਹੀ ਜਦੋਂ ਗਿਆਨੀ ਜੀ ਨੇ ਸਿੱਖੀ ਧਾਰਨ ਕਰ ਲਈ ਤਾਂ ਗੁਲਾਬਦਾਸੀਏ ਪਿੱਟ ਉਠੇ। ਉਹਨਾ ਨੇ ਇੱਕ ਇਸ਼ਤਿਹਾਰ ਕੱਢਿਆ ਜਿਸ ਵਿੱਚ ਲਿਖਿਆ ਸੀ- **"ਸੁਣਿਆ ਜਾਂਦਾ ਹੈ ਕਿ ਭਾਈ ਦਿਤ ਸਿੰਘ ਜੀ ਗੁਲਾਬਦਾਸੀ ਮਤ ਦੀ ਫਕੀਰੀ ਦੀ ਹਾਲਤ ਵਿੱਚ ਚਿਰ ਕਾਲ ਤੱਕ ਅਭੇ ਪੁਰ, ਤਹਿਸੀਲ ਖਰੜ, ਜ਼ਿਲ੍ਹਾ ਅੰਬਾਲਾ ਵਿੱਚ ਕੁਟੀਆ ਵਾਸਤੇ ਛੋਟਾ ਜਿਹਾ ਬਗੀਚਾ ਬਣਾਂਦੇ ਰਹੇ ਹਨ ਅਤੇ ਲਾਂਭੇ ਛਾਂਬੇ ਦੇ ਪਿੰਡਾਂ ਵਿੱਚ ਗੁਰੂ ਬਣ ਕਰ ਆਪਣੇ ਆਪ ਦੀ ਪੂਜਾ ਕਰਵਾ ਹਨ, ਉਹ ਲੋਕ ਹੁਣ ਤੱਕ ਇਨ੍ਹਾਂ ਨੂੰ ਗੁਰੂ ਮੰਨਦੇ ਰਹੇ ਅਤੇ ਭੇਟਾ ਪੂਜਾ ਦੇਂਦੇ ਰਹੇ।" ਗਿਆਨੀ ਜੀ ਨੇ ਇਸ ਦੇ ਉੱਤਰ ਵਿੱਚ ਲਿਖਿਆ ਕਿ ਚੂੰਕਿ ਮੇਰੀ ਮੁਢੋਂ ਹੀ ਲੋਕਾਂ ਨੂੰ ਇਹ ਨਸੀਹਤ ਦੇਣ ਦੀ ਆਦਤ ਰਹੀ ਹੈ ਕਿ ਮੜ੍ਹੀਆਂ ਕੱਬਰਾਂ ਨਾ ਪੂਜੋ, ਇਹਨਾਂ ਵਿੱਚ ਕੁੱਝ ਨਹੀਂ ਹੈ, ਸੋ ਮੇਰੀਆਂ ਅਜਿਹੀਆਂ ਅਸਰਦਾਇਕ ਗੱਲੋਂ ਤੋਂ ਪ੍ਰਭਾਵਿਤ ਹੋ ਕੇ ਬਹੁਤ ਸਾਰੇ ਲੋਕ ਮੇਰੀ ਇਜ਼ਤ ਭਾਵਨਾ ਕਰਨ ਲੱਗ ਪਏ ਸਨ ਤੇ ਅਜੇ ਤੱਕ ਵੀ ਕਰਦੇ ਹਨ। ਪਰ ਇਨ੍ਹਾਂ ਗੁਲਾਬਦਾਸੀ ਸੰਤਾਂ ਨੂੰ ਹੁਣ ਮੇਰੀ ਇਜ਼ਤ ਡਰਾਉਣ ਲੱਗ ਪਈ ਹੈ, ਜਦ ਮੈਂ ਅਸਲੀ ਗਿਆਨ ਹਾਸਲ ਕਰਕੇ ਇਨ੍ਹਾਂ ਨਕਲੀ ਸੰਤਾ ਦਾ ਸਾਥ ਛੱਡ ਦਿੱਤਾ ਹੈ। ਮੈਂ ਇਹ ਚੰਗੀ ਤਰ੍ਹਾਂ ਜਾਣ ਲਿਆ ਹੈ ਕਿ ਇਹ ਲੋਕ ਇੱਕ ਅਕਾਲ ਪੁਰਖ ਦੇ ਪੁਜਾਰੀ ਨਹੀਂ, ਸਗੋਂ ਲੋਕਾਂ ਨੂੰ ਆਪਣੇ ਪ੍ਰਭਾਵ ਥੱਲੇ ਲਿਆ ਕੇ ਵਾਧੂ ਭਰਮਾਂ ਤੇ ਭੁਲੇਖਿਆਂ ਵਿੱਚ ਫਸਾਂਦੇ ਹਨ। ਇਹ ਸਮਝ ਕੇ ਹੀ ਜਦ ਮੈਂ ਇਨ੍ਹਾਂ ਦਾ ਸਾਥ ਛੱਡ ਦਿੱਤਾ ਹੈ ਤਾਂ ਅੱਜ**

ਇਨ੍ਹਾਂ ਨੂੰ ਮੈਂ ਬੁਰਾ ਲੱਗ ਰਿਹਾ ਹਾਂ।

**ਆਰੀਆ ਸਮਾਜ ਤੇ ਸਿੱਖੀ :**

ਆਰੀਆ ਸਮਾਜ ਆਪਣੇ ਆਪ ਨੂੰ ਪੁਰਾਤਨਤਾ ਦੇ ਅਲੰਬੜਦਾਰ ਕਹਿੰਦੇ ਹਨ, ਪਰ ਅਸਲ ਵਿੱਚ ਇਹ ਨੁਕਤਾਚੀਨਾਂ ਅਤੇ ਈਰਖਾਵਾਦੀਆਂ ਦਾ ਸਮੂੰਹ ਹੈ। ਸੁਆਮੀ ਦਯਾ ਨੰਦ 1877 ਈਸਵੀ ਵਿੱਚ ਪੰਜਾਬ ਆਇਆ ਤੇ ਪ੍ਰਚਾਰ ਕਰਨ ਲਈ ਕਈ ਭੁਲੇਖੇ ਪਾਏ ਤੇ ਬਹੁਤ ਸਾਰੇ ਲੋਕਾਂ ਨੂੰ ਆਪਣੇ ਪੈਰੋਕਾਰ ਬਣਾ ਲਿਆ। ਮੁਸਲਮਾਨ ਭਾਵੇਂ ਕਿੰਨੇ ਵੀ ਢਿਲੇ ਸਨ, ਪਰ ਮਜ਼ਹਬੀ ਤੌਰ ਤੇ ਉਹ ਫੇਰ ਵੀ ਪੱਕੇ ਤੇ ਆਪਣੇ ਖਿਆਲਾਂ ਵਿੱਚ ਦ੍ਰਿੜ੍ਹ ਸਨ। ਹਜ਼ਰਤ ਮੁਹੰਮਦ ਸਾਹਿਬ ਵਿਰੁੱਧ 'ਸਤਿਆਰਥ ਪ੍ਰਕਾਸ਼' ਵਿੱਚ ਕੁੱਝ ਲਫਜ ਲਿਖਣ ਤੇ ਮੁਸਲਮਾਨ ਭੜਕ ਪਏ ਤੇ ਉਨ੍ਹਾਂ ਨੇ ਚਾਰ ਆਰੀਆ ਸਮਾਜੀ ਕਤਲ ਵੀ ਕਰ ਦਿੱਤੇ।

ਧਰਮ ਪ੍ਰਚਾਰ ਦੀ ਅਣਹੋਂਦ ਕਾਰਨ, ਆਮ ਸਿੱਖ ਆਪਣੇ ਆਪ ਨੂੰ ਹਿੰਦੂਆਂ ਦਾ ਹਿੱਸਾ ਸਮਝ ਰਹੇ ਸਨ। ਸੋ ਸੁਆਮੀ ਦਯਾ ਨੰਦ ਦੇ ਪ੍ਰਚਾਰ ਸਦਕਾ ਸਿੱਖ ਧੜਾਧੜ ਪਤਿਤ ਹੋਣ ਲੱਗੇ, ਕੇਸ ਕਟਾ-ਕਟਾ ਹਿੰਦੂ ਬਣਨ ਲੱਗੇ, ਪਰ ਇਸ ਸਮੇਂ ਦੀ ਨਿਘਰਦੀ ਹਾਲਤ ਤੇ ਸੁਆਮੀ ਦਯਾ ਨੰਦ ਦੇ ਮਾਰੂ ਹਮਲੇ ਨੇ ਕੁੱਝ ਕੌਮ ਦਰਦੀਆਂ ਦੇ ਮਨ ਵਿੱਚ ਡਾਢੀ ਦਰਦ ਪੈਦਾ ਕੀਤੀ ਅਤੇ ਉਹਨਾਂ ਨੂੰ ਲਗਨ ਲਗਾ ਦਿੱਤੀ ਕਿ ਉਹ ਇਸ ਮਾਰੂ ਹਮਲੇ ਨੂੰ ਰੋਕਣ ਲਈ ਮੈਦਾਨ ਵਿੱਚ ਉਤਰਨ। ਸੋ ਅਜਿਹੇ ਕਈ ਗੁਰਸਿੱਖਾਂ ਦੀ ਮਿਹਨਤ ਤੇ ਦ੍ਰਿੜ੍ਹਤਾ ਦਾ ਸਦਕਾ ਉਸ ਸਮੇਂ ਸਿੰਘ ਸਭਾ ਦੀ ਮਹਾਨ ਲਹਿਰ ਵਜੂਦ ਵਿੱਚ ਆਈ, ਜਿਸ ਨੇ ਸਿੱਖ ਕੌਮ ਨੂੰ ਇੱਕ ਵਾਰ ਫਿਰ ਨਵੇਂ ਸਿਰਿਓਂ ਜਥੇਬੰਦ ਕਰ ਦਿੱਤਾ। ਗਿਆਨੀ ਦਿੱਤ ਸਿੰਘ ਜੀ ਨੇ ਉਸ ਸਮੇਂ ਆਰੀਆ ਸਮਾਜੀ ਸੁਆਮੀ ਨਾਲ ਟੱਕਰ ਲਈ ਤੇ ਗੁਰਮਤਿ ਦੇ ਅਟੱਲ ਅਸੂਲਾਂ ਨਾਲ ਉਸ ਨੂੰ ਤਕੜੀ ਹਾਰ ਦਿੱਤੀ। ਗਿਆਨੀ ਜੀ ਨੇ ਤਿੰਨ ਵਾਰ ਸੁਆਮੀ ਨਾਲ ਬਹਿਸ ਕੀਤੀ ਤੇ ਤਿੰਨੇ ਵਾਰ ਉਸਨੂੰ ਹਾਰ ਦਿੱਤੀ।

ਜਦ ਗਿਆਨੀ ਜੀ ਆਰੀਆ ਸਮਾਜੀਆਂ ਦੇ ਵਿਰੁਧ ਹੋ ਗਏ ਤੇ ਉਹਨਾਂ ਦੇ ਅਡੰਬਰਾਂ ਦੇ ਜਦ ਪਾਜ ਉਖੇੜਨ ਲੱਗੇ ਤਾਂ ਆਰੀਆ ਸਮਾਜੀਆਂ ਨੇ ਵੀ ਗੁਲਾਬ ਦਾਸੀਆਂ ਦੀ ਤਰ੍ਹਾਂ ਆਪ ਦੇ ਵਿਰੁੱਧ ਪ੍ਰਚਾਰ ਕੀਤਾ। ਉਹਨਾਂ ਨੇ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਕਿ ਇਹ ਆਰੀਆ ਸਮਾਜ ਦੇ ਹੀ ਬਾਗੀ ਪੁਰਸ਼ ਹਨ।

1874 ਵਿਚ ਅੰਮ੍ਰਿਤਸਰ ਵਿਚ ਸਭ ਤੋਂ ਪਹਿਲਾਂ ਸਿੰਘ ਸਭਾ ਬਣੀ, ਪਰ ਉਹ ਕਈਆਂ ਕਾਰਨਾਂ ਕਰਕੇ ਢਿੱਲੀ ਪੈ ਗਈ ਸੀ।

1878 ਵਿਚ ਹੀ ਓਰੀਐਂਟਲ ਕਾਲਜ ਦੇ ਇਹਨਾਂ ਅੰਨਿਨ ਸਿੱਖਾਂ ਨੂੰ

ਗੁਰਸਿੱਖੀ ਦਾ ਪ੍ਰੇਮ ਜਾਗ ਪਿਆ। ਸੋ 1879 ਵਿਚ ਲਾਹੌਰ ਵਿਚ ਵੀ ਸਿੰਘ ਸਭਾ ਕਾਇਮ ਹੋ ਗਈ। ਪ੍ਰੋ. ਗੁਰਮੁਖ ਸਿੰਘ ਤੇ ਗਿਆਨੀ ਦਿਤ ਸਿੰਘ ਜੀ ਨੇ ਆਪਣੇ ਵਿਚਾਰ ਲਿਖ ਕੇ ਛਾਪਣੇ ਸ਼ੁਰੂ ਕਰ ਦਿੱਤੇ, ਜਿਨ੍ਹਾਂ ਨੇ ਇਹਨਾਂ ਖਿਆਲਾਂ ਨੂੰ ਅਪਨਾਇਆ ਉਹਨਾਂ ਨੇ ਆਪੋ-ਆਪਣੇ ਸ਼ਹਿਰ ਤੇ ਕਸਬੇ ਵਿਚ ਸਿੰਘ ਸਭਾਵਾਂ ਬਨਾਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਇਹ ਸਭ ਲਾਹੌਰ ਸਿੰਘ ਸਭਾ ਨਾਲ ਸੰਬੰਧਿਤ ਹੁੰਦੀਆਂ ਗਈਆਂ। ਸਿੰਘ ਸਭਾਵਾਂ ਦਾ ਵੱਡਾ ਉਦੇਸ਼-ਜ਼ਾਤ-ਪਾਤ ਦੀ ਨਿਖੇਧੀ ਤੇ ਸਿੱਖ ਧਰਮ ਦੇ ਨਿਯਮਾਂ ਨੂੰ ਪ੍ਰਚਾਰਨਾ ਸੀ। ਸੁਆਮੀ ਦਯਾ ਨੰਦ ਦੀ ਛੱਪੀ ਪੁਸਤਕ 'ਸਤਿਆਰਥ ਪ੍ਰਕਾਸ਼' ਵਿਚ ਸਿੱਖ ਗੁਰੂ ਸਾਹਿਬਾਨ ਦੀ ਸ਼ਾਨ ਵਿਚ ਅਣਹੋਏ ਸ਼ਬਦ ਲਿਖਣ ਦੇ ਕਾਰਨ ਭਾਰੀ ਵਿਰੋਧ ਉਠ ਖੜਾ ਹੋਇਆ ਸੀ। ਸਿੱਖ ਇਕ ਦਮ ਹੀ ਉਨ੍ਹਾਂ ਦੇ ਖਿਆਲਾਂ ਦੇ ਵਿਰੋਧੀ ਹੋ ਗਏ ਤੇ ਹੁਣ ਹਾਲਤ ਇਹ ਹੋ ਗਈ ਕਿ ਜਿਥੇ ਅੱਗੇ ਸੁਆਮੀ ਦਯਾ ਨੰਦ ਸਿੱਖ ਅਸਥਾਨਾਂ ਤੇ ਆਪਣੀਆਂ ਸਪੀਚਾਂ ਕਰਦਾ ਸੀ, ਉਥੇ ਹੁਣ ਉਹ ਸਿੱਖਾਂ ਦੀ ਸ਼ਕਲ ਦੇਖ ਕੇ ਹੀ ਘਬਰਾਉਂਦਾ ਸੀ।

ਸਿੰਘ ਸਭਾ ਲਹਿਰ ਦਾ ਮੁੱਖ ਉਦੇਸ਼ ਸਿੱਖ ਧਰਮ ਦਾ ਪ੍ਰਚਾਰ ਹੀ ਸੀ, ਪਰ ਇਸ ਦੇ ਨਾਲ ਸਮੇਂ ਦੇ ਵਾਤਾਵਰਨ ਦਾ ਅਸਰ ਤਾਂ ਉਸ ਤੇ ਹੋਣਾ ਹੀ ਸੀ। ਕਈ ਥਾਈਂ ਪੁਜਾਰੀਆਂ ਦੀਆਂ ਵਧੀਕੀਆਂ ਤੇ ਕਮਜ਼ੋਰੀਆਂ ਵਿਰੁਧ ਵੀ ਆਵਾਜ਼ ਉਠੀ, ਜਿਸ ਤੋਂ ਪੁਜਾਰੀਆਂ ਨੇ ਗੁਰਦਵਾਰਿਆਂ ਵਿਚ ਸਿੰਘ ਸਭਾ ਦੇ ਦੀਵਾਨ ਕਰਨ ਜਾਂ ਉਹਨਾਂ ਦੇ ਆਉਣ ਜਾਣ ਉਤੇ ਕੁਝ ਬੰਦਸ਼ਾਂ ਲਾ ਦਿੱਤੀਆਂ ਪਰ ਸਿੰਘ ਸਭਾ ਲਹਿਰ ਪੂਰੇ ਜੋਬਨ ਤੇ ਹੋਣ ਕਾਰਨ ਪੁਜਾਰੀ ਵੀ ਸਹਿਮੇ ਹੋਏ ਸਨ ਤੇ ਬਾਬਾ ਖੇਮ ਸਿੰਘ ਜੀ ਨੂੰ ਹਾਨੀ ਹੋ ਰਹੀ ਸੀ। ਇਸ ਸਮੇਂ ਸਿੱਖ ਵਿਰੋਧੀਆਂ ਵਲੋਂ ਅੰਮ੍ਰਿਤਸਰ ਤੇ ਲਾਹੌਰ ਸਿੰਘ ਸਭਾ ਵਿਚ ਝਗੜਾ ਖੜ੍ਹਾ ਕੀਤਾ ਗਿਆ ਤੇ ਉਸ ਵਿਚ ਜ਼ਾਤ-ਪਾਤ ਦਾ ਸੁਆਲ ਅੱਗੇ ਲਿਆਂਦਾ ਗਿਆ। ਪ੍ਰੋ. ਗੁਰਮੁਖ ਸਿੰਘ ਜੀ ਨੂੰ ਨੀਵੀਂ ਜ਼ਾਤ (ਲਾਂਗਰੀ) ਆਦਿ ਕਹਿ ਕੇ ਤ੍ਰਿਸਕਾਰਿਆ ਗਿਆ। (ਕਿਉਂਕਿ ਉਹਨਾਂ ਦੇ ਪਿਤਾ ਕਪੂਰਥਲੇ ਦੇ ਰਾਜਾ ਬਿਕ੍ਰਮ ਸਿੰਘ ਦੇ ਲਾਂਗਰੀ ਸਨ) ਤੇ ਗਿਆਨੀ ਦਿਤ ਸਿੰਘ ਜੀ ਤਾਂ ਹੈ ਹੀ ਰਵਿਦਾਸੀਏ ਸਨ, ਸੋ ਇਸ ਲਈ ਇਹਨਾਂ ਦੋਹਾਂ ਸਿੰਘ ਸਭਾ ਦੇ ਮੋਢੀਆਂ ਵਿਰੁਧ ਜ਼ਾਤ-ਪਾਤ ਦਾ ਵਿਤਕਰਾ ਪਾ ਕੇ ਵੀ ਅੰਮ੍ਰਿਤਸਰ ਦੀ ਸਿੰਘ ਸਭਾ ਵਲੋਂ ਪ੍ਰਚਾਰ ਕੀਤਾ ਗਿਆ। ਇਧਰੋਂ ਲਾਹੌਰ ਸਿੰਘ ਸਭਾ ਵੱਲੋਂ ਵੀ ਬਾਬਾ ਖੇਮ ਸਿੰਘ ਜੀ ਦੇ ਵਿਰੁਧ ਅਖਬਾਰ ਵਿਚ ਲੇਖ ਲਿਖੇ ਗਏ। ਗੁਰੂ ਡੰਮ ਦੀ ਵੀ ਨਿਖੇਧੀ ਕੀਤੀ ਗਈ। ਲਾਹੌਰ ਸਿੰਘ ਸਭਾ ਵਲੋਂ ਫੁਟ ਨੂੰ ਦੂਰ ਕਰਨ ਦੀ ਕੋਸ਼ਿਸ਼ ਵੀ ਕੀਤੀ ਗਈ।

ਲਾਹੌਰ ਵਾਲਿਆਂ ਨੇ ਸਿੰਘ ਸਭਾ ਤੋੜ ਕੇ ਖਾਲਸਾ ਦੀਵਾਨ ਸਥਾਪਿਤ ਕਰ

ਲਿਆ ਤੇ ਆਰੀਆ ਸਮਾਜੀਆਂ ਤੇ ਗੁਰੂ ਡੰਮ ਵਿਰੁਧ ਜ਼ੋਰਦਾਰ ਮੁਹਿੰਮ ਸ਼ੁਰੂ ਕਰ ਦਿੱਤੀ। ਅਛੂਤ ਉਧਾਰ ਤੇ ਅਨੰਦ ਵਿਵਾਹ ਦੇ ਪ੍ਰਚਾਰ ਦਾ ਪ੍ਰੋਗਰਾਮ ਬਣਾਇਆ ਗਿਆ ਤੇ ਖੰਡੇ-ਬਾਟੇ ਦਾ ਅੰਮ੍ਰਿਤ ਛਕਾਇਆ ਜਾਣ ਲੱਗਾ। ਇਸ ਸਮੇਂ ਲਾਹੌਰ ਵਿਚ ਪੰਜਾਬੀ ਪ੍ਰੈਸ ਵੀ ਖੋਲ੍ਹ ਦਿੱਤਾ ਗਿਆ, ਖਾਲਸਾ ਅਖਬਾਰ ਵੀ ਨਿਕਲਿਆ ਜਿਸ ਦੇ ਐਡੀਟਰ ਗਿਆਨੀ ਦਿਤ ਸਿੰਘ ਜੀ ਨਿਯੁਕਤ ਹੋਏ।

ਪੁਜਾਰੀ ਇਸ ਡਰ ਦੇ ਮਾਰੇ ਕਿ ਇਹ ਸਿੰਘ ਸਭਾ ਲਹਿਰ ਸਾਨੂੰ ਕੋਈ ਨੁਕਸਾਨ ਨਾ ਪਹੁੰਚਾਵੇ, ਇਸ ਲਹਿਰ ਨਾਲ ਵਿਚੋਂ ਵਿਚ ਖੁਣਸ ਖਾਂਦੇ ਸਨ, ਪਰ ਅਜੇ ਤਕ ਉਨ੍ਹਾਂ ਨੂੰ ਕੋਈ ਮੌਕਾ ਹੱਥ ਨਹੀਂ ਸੀ ਲੱਗਾ। ਦੂਜੇ ਬੰਨੇ ਗੁਰੂ ਡੰਮ ਦੇ ਵਿਰੁੱਧ 'ਖਾਲਸਾ' ਅਖਬਾਰ ਦਾ ਪ੍ਰਚਾਰ ਬੇਦੀ ਸਾਹਿਬਜਾਦਿਆਂ ਨੂੰ ਸਤਾ ਰਿਹਾ ਸੀ। ਬਾਬਾ ਖੇਮ ਸਿੰਘ ਜੀ ਦਾ ਮਹਾਰਾਜਾ ਰਣਜੀਤ ਸਿੰਘ ਜੀ ਦੇ ਮਗਰੋਂ ਸਿੱਖ ਮਹਾਰਾਜਿਆਂ ਤੇ ਅੰਗ੍ਰੇਜ਼ਾਂ ਦੇ ਰਾਜ ਦਰਬਾਰ ਵਿਚ ਭਾਰੀ ਪੁਛ ਪ੍ਰਤੀਤ ਤੇ ਸਤਿਕਾਰ ਕਾਇਮ ਹੋ ਚੁੱਕਾ ਸੀ। ਪਰ ਫਿਰ ਵੀ ਕਈ ਸਿੱਖ ਮਹਾਰਾਜੇ, ਭਾਵੇਂ ਬੋਲਦੇ ਤਾਂ ਨਹੀਂ ਸਨ, ਪਰ ਦਿਲੋਂ ਬਾਬਾ ਖੇਮ ਸਿੰਘ ਦੇ ਗੁਰੂ ਡੰਮ ਦੇ ਵਿਰੁਧ ਸਨ। ਮਹਾਰਾਜਾ ਹੀਰਾ ਸਿੰਘ ਨਾਭਾ, ਕੰਵਰ ਬਿਕਰਮ ਸਿੰਘ ਤੇ ਭਾਈ ਕਾਹਨ ਸਿੰਘ ਜੀ ਨਾਭਾ ਨੇ ਵੀ ਕਾਫੀ ਮਦਦ ਕੀਤੀ। ਸੋ ਕੁਝ ਸਮਾਂ ਸਿੰਘ ਸਭਾ ਲਹਿਰ ਦੇ ਵਿਰੋਧੀਆਂ ਦੀ ਕੁਝ ਪੇਸ਼ ਨਾ ਗਈ, ਪਰ ਜਦ ਫਰੀਦਕੋਟੀਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਕਰਵਾਉਣ ਦਾ ਪ੍ਰੋਗਰਾਮ ਬਣਾਇਆ, ਉਸ ਵੇਲੇ ਕੌਮ ਦੇ ਕਾਫੀ ਵਿਦਵਾਨ ਇਕਤਰ ਹੋਏ। ਪ੍ਰੋ. ਗੁਰਮੁਖ ਸਿੰਘ ਜੀ ਵੀ ਸ਼ਾਮਿਲ ਹੋਏ। ਉਥੇ ਲਗਭਗ ਬਾਕੀ ਸਾਰੇ ਗਿਆਨੀ ਸਨਾਤਨੀ ਖਿਆਲਾਂ ਦੇ ਸਨ, ਇਸ ਲਈ ਪ੍ਰੋ. ਗੁਰਮੁਖ ਸਿੰਘ ਜੀ ਨੇ ਇਤਰਾਜ਼ ਕੀਤਾ ਕਿ ਇਸ ਵਿਚ ਸਾਰੇ ਵਿਦਵਾਨਾਂ ਦੀ ਸਲਾਹ ਲੈਣ ਦੀ ਲੋੜ ਨਹੀਂ ਹੈ ਤੇ ਗੁਰੂ ਗ੍ਰੰਥ ਸਾਹਿਬ ਦੇ ਅਰਥਾਂ ਨੂੰ ਤੁਸੀਂ ਮਖੌਲ ਨਾ ਸਮਝੋ ਕਿ ਜੋ ਕੁਝ ਕੋਈ ਚਾਹੇ ਅਰਥ ਕਰ ਦੇਵੇ। ਪ੍ਰੋਫੈਸਰ ਜੀ ਨੇ ਸਾਫ ਤੌਰ ਤੇ ਕਹਿ ਦਿੱਤਾ ਕਿ ਸਨਾਤਨੀ ਖਿਆਲਾਂ ਦੇ ਗਿਆਨੀ ਗੁਰੂ ਗ੍ਰੰਥ ਸਾਹਿਬ ਦੇ ਠੀਕ ਅਰਥ ਨਹੀਂ ਕਰ ਸਕਦੇ। ਖੇਮ ਸਿੰਘ ਜੀ, ਕਿਉਂਕਿ ਸਨਾਤਨੀ ਵਿਚਾਰਾਂ ਦੇ ਕਾਫੀ ਹਾਮੀ ਸਨ, ਇਸ ਲਈ ਉਹਨਾਂ ਬਹੁਤ ਬੁਰਾ ਮਨਾਇਆ। 1886 ਵਿਚ ਕੰਵਰ ਬਿਕਰਮ ਸਿੰਘ ਜੀ ਦੇ ਸੁਰਗਵਾਸ ਹੋਣ ਮਗਰੋਂ ਬੇਦੀ ਸਾਹਿਬ ਨੇ ਇਕ ਮੀਟਿੰਗ ਬੁਲਾਈ ਜਿਸ ਵਿਚ ਸਿਰਫ ਅੰਮ੍ਰਿਤਸਰੀਏ, ਉਹਨਾਂ ਦੇ ਹਮਾਇਤੀ ਤੇ ਪੁਜਾਰੀ ਸਿੰਘ ਹੀ ਸੱਦੇ ਗਏ। ਮੌਕਾ ਦੇਖ ਕੇ ਉਹਨਾਂ ਫੈਸਲਾ ਕਰ ਦਿੱਤਾ ਕਿ ਪ੍ਰੋ. ਗੁਰਮੁਖ ਸਿੰਘ ਨੂੰ ਸਿੱਖੀ ਤੋਂ ਛੇਕ ਦਿੱਤਾ ਜਾਏ। ਸੋ, 17 ਮਾਰਚ 1887 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੈਡ ਪੁਜਾਰੀ, ਸ੍ਰੀ ਦਰਬਾਰ ਸਾਹਿਬ, ਗੁਰਦੁਆਰਾ ਬਾਬਾ ਅਟਲ, ਝੰਡਾ ਬੁੰਗਾ ਤੇ

ਸ਼ਹੀਦ ਗੰਜ ਦੇ ਪੁਜਾਰੀਆਂ ਦੇ ਦਸਤਖਤਾਂ ਹੇਠ ਹੁਕਮਨਾਮਾ ਜਾਰੀ ਕੀਤਾ ਗਿਆ ਕਿ 'ਪ੍ਰੋ. ਗੁਰਮੁਖ ਸਿੰਘ ਸਿੱਖੀ ਤੋਂ ਛੇਕੇ ਜਾਂਦੇ ਹਨ, ਕਿਉਂਕਿ ਉਨ੍ਹਾਂ ਨੇ ਸ੍ਰੀ ਗ੍ਰੰਥ ਸਾਹਿਬ ਦੇ ਟੀਕੇ ਜਿਹੇ ਮਹਾਨ ਕੰਮ ਵਿਚ ਵਿਘਨ ਪਾਉਣ ਦੀ ਕੋਸ਼ਿਸ਼ ਕੀਤੀ ਹੈ।'

ਇਸ ਸਰਾਸਰ ਨਜਾਇਜ਼ ਵਧੀਕੀ ਤੇ ਚਲਾਕੀ ਨੇ ਗਿਆਨੀ ਜੀ ਦੇ ਮਨ ਵਿਚ ਇੰਨਾ ਜੋਸ਼ ਭਰ ਦਿੱਤਾ ਕਿ ਉਹਨਾਂ ਨੇ ਨੋਟਸਾਂ ਰਾਹੀਂ ਤੇ ਅਖਬਾਰ ਰਾਹੀਂ ਉਸ ਹੁਕਮਨਾਮੇ ਦੀ ਪੁਰਜ਼ੋਰ ਮੁਖਾਲਫਤ ਕਰਕੇ ਉਸ ਦੀਆਂ ਧਜੀਆਂ ਉਡਾ ਦਿੱਤੀਆਂ। ਇਸ ਪੁਰ ਬਾਬਾ ਖੇਮ ਸਿੰਘ ਜੀ ਅਤੇ ਉਹਨਾਂ ਦੇ ਹੋਰ ਕੁਝ ਸਾਥੀਆਂ ਨੂੰ ਹੱਥਾਂ ਪੈਰਾਂ ਦੀਆਂ ਪੈ ਗਈਆਂ। ਗਿਆਨੀ ਜੀ ਨੇ ਗੁਰੂਡੰਮ ਪੁਜਾਰੀਆਂ ਦੀਆਂ ਹਰਕਤਾਂ ਤੇ ਕੁਝ ਸਿੱਖ ਸਰਦਾਰਾਂ ਦੀ ਇਨ੍ਹਾਂ ਨਾਲ ਮਿਲੀ-ਭੁਗਤ ਨੂੰ ਖੂਬ ਨੰਗਿਆਂ ਕੀਤਾ। ਗਿਆਨੀ ਜੀ ਨੇ ਇਕ 'ਸੁਪਨ ਨਾਟਕ' ਦੇ ਨਾਮ ਥੱਲੇ ਡਰਾਮਾ ਲਿਖਿਆ ਤੇ ਉਸ ਵਿਚ ਹਾਸ ਰਸ ਨਾਲ ਇਨ੍ਹਾਂ ਦੇ ਪੋਲ ਖੋਲ੍ਹ ਕੇ ਉਨ੍ਹਾਂ ਦੀ ਮਿੱਟੀ ਪਲੀਤ ਕੀਤੀ ਅਤੇ ਇਹਨਾਂ ਦੇ ਕਾਰਨਾਮਿਆਂ ਦੀ ਹੂ-ਬ-ਹੂ ਤਸਵੀਰ ਖਿੱਚ ਕੇ ਰੱਖ ਦਿੱਤੀ ਕਿ ਕਿਵੇਂ ਡੰਬੀ ਗੁਰੂ ਲੋਕਾਂ ਕੋਲੋਂ ਆਪਣੇ ਆਪ ਨੂੰ ਪੁਜਾਉਂਦੇ ਹਨ ਤੇ ਇਹ ਪੁਜਾਰੀਆਂ ਨਾਲ ਮਿਲ ਕੇ ਕਿਵੇਂ ਸਿੱਖ ਧਰਮ ਨੂੰ ਨੁਕਸਾਨ ਪੁਚਾ ਰਹੇ ਹਨ। ਇਸ ਨਾਟਕ ਵਿਚ ਗਿਆਨੀ ਜੀ ਨੇ ਇਹ ਸਾਰੇ ਪਾਤਰ ਬਣਾ ਲਏ, ਜੋ ਸਚਮੁਚ ਹੀ ਸਿੱਖ ਪੰਥ ਨੂੰ ਹਾਨੀ ਪੁਚਾ ਰਹੇ ਸਨ, ਖੌਫ ਜਾਂ ਡਰ ਨੇ ਉਨ੍ਹਾਂ ਨੂੰ ਇਹ ਸਚਾਈ ਪ੍ਰਗਟ ਕਰਨੋਂ ਨਾ ਰੋਕਿਆ। ਇਹ ਨਾਟਕੀ ਕੀ ਸੀ! ਉਨ੍ਹਾਂ ਪੁਜਾਰੀਆਂ ਦੀ ਪੂਰੀ ਤਸਵੀਰ ਸੀ ਕਿ ਇਹ ਪੰਥ ਵਿਚ ਕੀ ਪਾਰਟ ਅਦਾ ਕਰ ਰਹੇ ਹਨ।

ਬਾਬਾ ਸੁਮੇਰ ਸਿੰਘ ਮਹੰਤ ਪਟਨਾ ਸਾਹਿਬ ਤੇ ਬਾਬਾ ਖੇਮ ਸਿੰਘ ਜੀ ਤਾਂ ਇਸ ਨਾਟਕ ਨੂੰ ਪੜ੍ਹਦੇ ਸਾਰ ਸੜ ਬਲ ਉਠੇ। ਸੋ ਉਦੇ ਸਿੰਘ ਬੇਦੀ ਜੀ ਨੂੰ ਅੱਗੇ ਲਾਇਆ ਗਿਆ ਤੇ ਗਿਆਨੀ ਜੀ ਵਿਰੁਧ ਮੁਕਦਮਾ ਚਲਵਾ ਕੇ ਪ੍ਰੈਸ ਤੇ ਅਖਬਾਰ ਦੋਨੋਂ ਬੰਦ ਕਰਵਾ ਦਿੱਤੇ। ਗਿਆਨੀ ਜੀ ਹੱਥਲ ਹੋ ਕੇ ਬਹਿ ਗਏ। ਘਰ ਦਾ ਖਰਚ ਅਤੇ ਮੁਕਦਮੇ ਦਾ ਖਰਚ ਸਿਰ ਤੇ ਆ ਪਿਆ। ਫਿਰ ਇਸ ਸਮੇਂ ਹੀ ਗਿਆਨੀ ਜੀ ਵਿਰੁਧ ਆਰੀਆ ਸਮਾਜੀਆਂ, ਗੁਲਾਬ ਦਾਸੀਆਂ ਤੇ ਇਨ੍ਹਾਂ ਗੁਰੂ ਡੰਮ ਦੇ ਪ੍ਰਚਾਰਕਾਂ ਵਲੋਂ ਇਸ਼ਤਿਹਾਰ ਵੀ ਕੱਢੇ ਗਏ ਤੇ ਗਿਆਨੀ ਜੀ ਨੂੰ ਤੰਗ ਕਰਨ ਲਈ ਉਨ੍ਹਾਂ ਦਾ ਹਰ ਰਾਹ ਰੋਕਣ ਦਾ ਯਤਨ ਕੀਤਾ ਗਿਆ। ਲਾਹੌਰ ਅਦਾਲਤ ਵਿਚ ਕਈ ਚਿਰ ਇਹ ਮੁਕਦਮਾ ਚਲਦਾ ਰਿਹਾ। ਗਿਆਨੀ ਜੀ ਵਿਰੁਧ ਇਸ ਮੁਕਦਮੇ ਵਿਚ ਭਾਵੇਂ ਬਥੇਰੇ ਪਾਪੜ ਵੇਲੇ ਗਏ , ਪਰ ਗਿਆਨੀ ਜੀ ਦਿਲ ਛੱਡਣ ਵਾਲੇ ਨਹੀਂ ਸਨ। ਆਪ ਨੇ ਪੂਰੀ ਡਿਫੈਂਸ ਕੀਤੀ ਤੇ ਇਸ ਕੰਮ ਵਿਚ ਪ੍ਰੋ. ਗੁਰਮੁਖ ਸਿੰਘ ਜੀ ਨੇ ਵੀ ਡਟ ਕੇ ਮਦਦ ਕੀਤੀ, ਅਖੀਰ

ਅਦਾਲਤ ਨੇ ਗਿਆਨੀ ਜੀ ਨੂੰ 51 ਰੁਪਏ ਜ਼ੁਰਮਾਨਾ ਕੀਤਾ। ਅਪੀਲ ਕਰਨ ਤੇ ਇਸ ਜ਼ੁਰਮਾਨੇ ਤੋਂ ਵੀ ਗਿਆਨੀ ਜੀ ਬਰੀ ਹੋ ਗਏ। ਭਾਵੇਂ, ਮਾਲੀ ਤੌਰ ਤੇ ਗਿਆਨੀ ਜੀ ਨੂੰ ਬੜਾ ਭਾਰੀ ਧੱਕਾ ਲੱਗਾ ਪਰ ਪੰਥ ਤੇ ਜ਼ਾਤ-ਪਾਤ ਦੇ ਹਿਮਾਇਤੀਆਂ ਨੂੰ ਇਕ ਵਾਰੀ ਭਾਰੀ ਹਾਰ ਦਾ ਮੂੰਹ ਦੇਖਣਾ ਪਿਆ।

ਅਖਬਾਰ ਤੇ ਪ੍ਰੈਸ ਬੰਦ ਹੋਣ ਨਾਲ ਸਿੰਘ ਸਭਾ ਲਹਿਰ ਨੂੰ ਭਾਰੀ ਨੁਕਸਾਨ ਪੁਜਾ, ਪਰ ਮੁਕਦਮੇ ਤੋਂ ਵਿਹਲੇ ਹੁੰਦਿਆਂ ਹੀ ਗਿਆਨੀ ਜੀ ਨੇ ਫਿਰ ਆਪਣੀਆਂ ਕੋਸ਼ਿਸ਼ਾਂ ਜਾਰੀ ਕਰ ਦਿੱਤੀਆਂ। ਪ੍ਰੋ. ਗੁਰਮੁਖ ਸਿੰਘ ਨੇ ਵੀ ਇਸ ਕੰਮ ਵਿਚ ਹਿੱਸਾ ਪਾਇਆ, 1890 ਦੇ ਕਰੀਬ ਦੋ ਢਾਈ ਸਾਲ ਮਗਰੋਂ ਅਖਬਾਰ ਤੇ ਪ੍ਰੈਸ ਮੁੜ ਚਾਲੂ ਕਰ ਦਿੱਤੇ ਗਏ। ਇਕ ਵਾਰ ਫਿਰ ਇਨ੍ਹਾਂ ਦੇ ਲੇਖਾਂ ਤੇ ਲੈਕਚਰਾਂ ਨੇ ਧੁੰਮਾਂ ਮਚਾ ਦਿੱਤੀਆਂ ਤੇ ਪੰਥ ਵਿਰੋਧੀਆਂ ਦੇ ਪੈਰ ਉਖੜਨ ਲਗ ਪਏ, ਗੁਰੂ ਡੰਮੀਆਂ ਨੂੰ ਭਾਜੜ ਪੈਣੀ ਸ਼ੁਰੂ ਹੋ ਗਈ। ਗੁਰੂ ਡੰਮ ਤੋਂ ਬਚਣ ਤੇ ਖੁਦਗਰਜ਼ਾਂ ਦੀਆਂ ਚਾਲਾਂ ਵਿਚ ਨਾ ਫਸਣ ਵਾਲੀਆਂ ਅਪੀਲਾਂ ਵੀ ਇਹਨਾਂ ਵਲੋਂ ਛਾਪੀਆਂ ਗਈਆਂ। ਗੁਰਮਤਿ ਅਨੁਸਾਰ ਵਿਆਹ ਕਰਨ ਦਾ ਪ੍ਰਚਾਰ ਵੀ ਖਾਲਸਾ ਦੀਵਾਨ ਦੇ ਪ੍ਰਬੰਧਕਾਂ ਵਲੋਂ ਕੀਤਾ ਗਿਆ ਤੇ ਮਨਮਤਾਂ ਦਾ ਭੁਰਵਾਂ ਖੰਡਨ ਕੀਤਾ ਗਿਆ। ਅਖਬਾਰ ਰਾਹੀਂ ਲੋਕਾਂ ਵਿਚ ਗੁਰਮਤ ਅਨੁਸਾਰ ਵਿਆਹ ਦੀ ਲੋੜ ਬਾਰੇ ਪ੍ਰਚਾਰ ਕੀਤਾ ਗਿਆ। ਜਿਸ ਦੇ ਫਲਸਰੂਪ ਭਾਰੀ ਗਿਣਤੀ ਵਿਚ ਵਿਆਹ ਗੁਰਮਤ ਅਨੁਸਾਰ ਹੋਣੇ ਸ਼ੁਰੂ ਹੋ ਗਏ।

ਇਸ ਤੋਂ ਇਲਾਵਾ ਗੁਰਬਾਣੀ ਤੇ ਗੁਰੂ ਭਾਵਾਂ ਦੇ ਅਰਥਾਂ ਤੇ ਗੁਰਮਤਿ ਫਿਲਾਸਫੀ ਬਾਰੇ ਗਿਆਨੀ ਜੀ ਨੇ ਖਾਸ ਲੇਖ ਲਿਖਣੇ ਸ਼ੁਰੂ ਕਰ ਦਿੱਤੇ ਤੇ ਇਸ ਭਾਵ ਦਾ ਜ਼ੋਰਦਾਰ ਪ੍ਰਚਾਰ ਕੀਤਾ ਕਿ ਧੁਰ ਕੀ ਬਾਣੀ, ਗੁਰਬਾਣੀ ਦੇ ਹੁੰਦਿਆਂ ਹੋਰ ਕਿਸੇ ਦੇਹਧਾਰੀ ਗੁਰੂ ਦੀ ਲੋੜ ਨਹੀਂ, ਲੋੜ ਕੇਵਲ ਅੰਮ੍ਰਿਤ ਛਕਣ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਦਰਸਾਏ ਉਪਦੇਸ਼ ਉੱਤੇ ਚਲਣ ਦੀ ਹੈ।

ਉਹਨਾਂ ਦਿਨਾਂ ਵਿਚ ਦਰਬਾਰ ਸਾਹਿਬ ਦੀ ਪ੍ਰਕਰਮਾ ਤੇ ਦਰਸ਼ਨੀ ਡਿਉਢੀ ਵਿਚ ਅਤੇ ਹੋਰ ਕਈ ਥਾਈਂ ਵੀ ਮੂਰਤੀਆਂ ਪਈਆਂ ਹੁੰਦੀਆਂ ਸਨ। ਗਿਆਨੀ ਜੀ ਨੇ ਇਸ ਮਨਮਤ ਦਾ ਵੀ ਪੂਰੇ ਜ਼ੋਰ ਨਾਲ ਖੰਡਨ ਕੀਤਾ ਤੇ ਬੁਤ ਪ੍ਰਸਤੀ ਤੋਂ ਸਿੱਖਾਂ ਨੂੰ ਰੋਕਿਆ। ਜਿਸ ਦਾ ਅਸਰ ਇਹ ਹੋਇਆ ਕਿ ਛੇਤੀ ਹੀ ਦਰਸ਼ਨੀ ਡਿਉਢੀ ਵਿਚ ਜਿਹੜੇ ਬੁਤ ਆਦਿ ਰਖੇ ਹੁੰਦੇ ਸਨ, ਪੁਜਾਰੀਆਂ ਵਲੋਂ ਚੁਕ ਦਿੱਤੇ ਗਏ। ਪਰ ਪਰਕਰਮਾ ਵਿਚ ਮੂਰਤੀ ਪੂਜਾ ਮੁਕੰਮਲ ਤੌਰ ਤੇ ਅਕਾਲੀ ਲਹਿਰ ਸਮੇਂ ਹੀ ਆ ਕੇ ਬੰਦ ਹੋਈ। ਇਸ ਦੇ ਨਾਲ ਹੀ ਗਿਆਨੀ ਜੀ ਨੇ ਛੂਤ-ਛਾਤ ਵਿਰੁਧ ਵੀ ਧੂੰਆਂ ਧਾਰ ਲੇਖ ਲਿਖਣੇ ਸ਼ੁਰੂ ਕਰ ਦਿੱਤੇ। ਇਹਨਾਂ ਗੱਲਾਂ ਤੋਂ ਪੁਜਾਰੀ ਤੇ ਸਰਬਰਾਹ ਬਹੁਤ ਤੰਗ ਹੋ ਰਹੇ ਸਨ,

ਕਿਉਂਕਿ ਉਸ ਸਮੇਂ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਪੁਜਾਰੀਆਂ ਦਾ ਕਬਜ਼ਾ ਸੀ ਤੇ ਉਥੇ ਭਾਰੀ ਛੂਤ ਛਾਤ ਦਾ ਖਿਆਲ ਰੱਖਿਆ ਜਾਂਦਾ ਸੀ।

ਹੁਣ ਗਿਆਨੀ ਜੀ ਨੇ ਉਸ ਸਮੇਂ ਦੇ ਮਹੰਤਾਂ ਤੇ ਪੁਜਾਰੀਆਂ ਨੂੰ ਚੇਤਾਵਨੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਕਿ ਗੁਰਮਤਿ ਦੇ ਉਲਟ ਕਾਰਵਾਈਆਂ ਹੋਰ ਨਹੀਂ ਸਹਾਰੀਆਂ ਜਾਣਗੀਆਂ। ਜੇ ਪੁਜਾਰੀ ਉਸ ਵੇਲੇ ਸੰਭਲ ਜਾਂਦੇ ਤੇ ਸ਼ਾਇਦ ਅਕਾਲੀ ਲਹਿਰ ਅਜੇ ਨਾ ਚਲਦੀ, ਜਿਸ ਨੇ ਕਿ ਪੁਜਾਰੀਆਂ ਤੇ ਮਹੰਤਾਂ ਦਾ ਖਾਤਮਾ ਹੀ ਕਰ ਦਿੱਤਾ। ਪਰ ਮਾਇਆ ਦੇ ਲੋਭੀ ਛੇਤੀ ਨਹੀਂ ਸਮਝਦੇ। ਮਹੰਤ ਭਾਵੇਂ ਉਸ ਵੇਲੇ ਨਾ ਸੰਭਲੇ, ਪਰ ਗਿਆਨੀ ਜੀ ਦੇ ਪ੍ਰਚਾਰ ਦਾ ਟੀਕਾ ਕੌਮ ਵਿਚ ਬੇਰੋਕ ਲਗਾਦਾ ਚਲਾ ਗਿਆ। ਗੁਰੂ ਡੰਮ ਤੋਂ ਬਚਣ ਲਈ ਵੀ ਸਿੱਖ ਸੰਗਤਾਂ ਨੂੰ ਅਪੀਲਾਂ ਕੀਤੀਆਂ ਗਈਆਂ।

ਦੂਸਰੇ ਪਾਸੇ ਕਈ ਦੰਭੀ ਤੇ ਪਖੰਡੀ ਲੋਕ ਗੁਰਮਤਿ ਨੂੰ ਗਲਤ ਮਲਤ ਕਰਨ ਲਈ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥਾਂ ਦੇ ਅਨਰਥ ਕਰ ਰਹੇ ਸਨ, ਜਿਸ ਦੇ ਨਾਲ ਮਨਮਤ ਦਾ ਪ੍ਰਚਾਰ ਹੋ ਰਿਹਾ ਸੀ ਤੇ ਬਾਣੀ ਦੇ ਅਸਲੀ ਭਾਵ ਅਰਥ ਨਹੀਂ ਦੱਸੇ ਜਾਂਦੇ ਸਨ। ਗਿਆਨੀ ਜੀ ਨੇ ਗੁਰਬਾਣੀ ਦੇ ਗੂੜ੍ਹ ਅਰਥਾਂ ਦੀ ਵਿਆਖਿਆ ਤੇ ਲੈਕਚਰਾਂ ਰਾਹੀਂ ਕਰਨੀ ਸ਼ੁਰੂ ਕਰ ਦਿੱਤੀ ਤੇ ਖੁਦ ਵੀ ਕਈ ਥਾਈਂ ਪਹੁੰਚ ਕੇ ਦੰਭੀਆਂ ਨੂੰ ਹਾਰ ਦਿੱਤੀ। ਇਸ ਗੱਲ ਉਤੇ ਖਾਸ ਜ਼ੋਰ ਦਿੱਤਾ ਕਿ ਗੁਰਬਾਣੀ ਦੇ ਹੁੰਦਿਆਂ ਕੋਈ ਦੇਹਧਾਰੀ ਗੁਰੂ ਨਹੀਂ ਹੋ ਸਕਦਾ ਅਤੇ ਅੰਮ੍ਰਿਤ ਛੱਕ ਕੇ ਹੀ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਜੀ ਦੇ ਅਸਲੀ ਸਿੱਖ ਬਣ ਸਕੀਦਾ ਹੈ।

ਗਿਆਨੀ ਜੀ ਨੇ ਲੇਖਾਂ ਵਿਚ ਛੂਤ-ਛਾਤ ਕਰਨ ਵਾਲੇ ਪੁਜਾਰੀਆਂ ਨੂੰ ਕੁਰਹਿਤੀਏ ਤੇ ਤਨਖਾਹੀਏ ਕਰਾਰ ਦਿੱਤਾ ਤੇ ਸਿੱਖ ਸੰਗਤਾਂ ਨੂੰ ਇਸ ਵਿਰੁਧ ਨਫ਼ਰਤ ਪੈਦਾ ਹੋਈ। ਅਛੂਤ ਜਾਤੀਏ ਸਿੰਘਾਂ ਨੂੰ ਕੁਝ ਹੋਸ਼ ਆ ਗਈ ਤੇ ਉਨ੍ਹਾਂ ਵਿਚੋਂ ਵੀ ਕਈ ਸਿਆਣੇ ਸੱਜਣ ਇਸ ਜ਼ੁਲਮ ਵਿਰੁਧ ਜਥੇਬੰਦ ਹੋਣ ਲਈ ਇਕ ਦੂਜੇ ਨੂੰ ਪ੍ਰੇਰਨਾ ਕਰਨ ਲਗ ਪਏ, ਜਿਨ੍ਹਾਂ ਦੇ ਉਦਮ ਦਾ ਸਦਕਾ ਖਾਲਸਾ ਬ੍ਰਾਦਰੀਆਂ ਹੋਂਦ ਵਿਚ ਆਈਆਂ ਤੇ ਇਹਨਾਂ ਬ੍ਰਾਦਰੀਆਂ ਦੇ ਵਿਚ ਆਈ ਜਾਗਰਤ ਨੇ ਹੀ ਅਕਾਲੀ ਲਹਿਰ ਦਾ ਆਰੰਭ ਕੀਤਾ।

ਕਾਫੀ ਦੇਰ ਤੋਂ ਲਾਹੌਰ ਤੇ ਅੰਮ੍ਰਿਤਸਰ ਦੀਆਂ ਸਿੰਘ ਸਭਾਵਾਂ ਸੋਚ ਰਹੀਆਂ ਸਨ ਕਿ ਕੋਈ ਐਸੀ ਸਿੱਖ ਸੰਸਥਾ ਕਾਇਮ ਕੀਤੀ ਜਾਵੇ, ਜਿੱਥੋਂ ਸਿੱਖ ਲੜਕੇ ਸਿੱਖ ਸਭਿਅਤਾ ਤੇ ਸਿੱਖੀ ਜੀਵਨ ਦੀ ਕਣੀ ਲੈ ਕੇ ਆਪਣੇ ਜੀਵਨ ਦੇ ਪਹਿਲੂਆਂ ਵਿਚ ਨਿਪੁੰਨ ਹੋਣ। ਭਾਵੇਂ ਬਾਬਾ ਖੇਮ ਸਿੰਘ ਜੀ, ਲਾਹੌਰ ਵਾਲਿਆਂ ਦੇ ਵਿਰੋਧੀ ਸਨ, ਪਰ ਉਹਨਾਂ ਦਾ ਮਿਲਵਰਤਣ ਜ਼ਰੂਰੀ ਸਮਝਿਆ ਗਿਆ ਤੇ ਪ੍ਰਬੰਧ ਕਰਕੇ ਬਾਬਾ ਖੇਮ ਸਿੰਘ ਜੀ ਤੇ ਹੋਰ ਕਈ ਸਰਦਾਰਾਂ ਨੂੰ ਸੱਦੇ ਪੱਤਰ ਭੇਜੇ ਤੇ ਲਾਰੰਸ ਹਾਲ ਵਿਚ ਇਕ ਭਾਰੀ ਇਕੱਠ

ਕੀਤਾ ਗਿਆ, ਜਿਸ ਵਿਚ ਇਸ ਕਾਰਜ (ਖਾਲਸਾ ਕਾਲਜ ਦੀ ਸਥਾਪਨਾ) ਲਈ ਇਕ ਕਮੇਟੀ ਬਣਾਈ ਗਈ, ਜਿਸ ਦੇ ਚੇਅਰਮੈਨ ਬਾਬਾ ਖੇਮ ਸਿੰਘ ਜੀ ਥਾਪੇ ਗਏ ਤੇ ਸੈਕਟਰੀ ਦੇ ਕੰਮ ਲਈ ਲਾਹੌਰ ਦੇ ਦੋ ਸੱਜਣ ਨੀਯਤ ਹੋਏ। ਪਰ ਇਹ ਕਾਰਜ ਸਿਰੇ ਨ ਚੜ੍ਹ ਸਕਿਆ। ਪ੍ਰੋ. ਗੁਰਮੁਖ ਸਿੰਘ ਤੇ ਗਿਆਨੀ ਦਿਤ ਸਿੰਘ ਜੀ ਨੂੰ ਬਾਬਾ ਜੀ ਇਸ ਕੰਮ ਵਿਚ ਦੇਖਣਾ ਨਹੀਂ ਚਾਹੁੰਦੇ ਸਨ, ਤਾਂ ਫਿਰ ਕੰਮ ਕਿਵੇਂ ਚਲਦਾ ? ਸੋ ਇਸ ਦਾ ਨਤੀਜਾ ਇਹ ਨਿਕਲਿਆ, ਖਾਲਸਾ ਕਾਲਜ ਦਾ ਕੰਮ ਠੰਡਾ ਪੈ ਗਿਆ।

ਫਿਰ ਮਜਬੂਰਨ ਗਿਆਨੀ ਜੀ ਨੇ ਪ੍ਰੋਫੈਸਰ ਜੀ ਨੂੰ ਸਾਰਾ ਕੰਮ ਸੰਭਾਲਣ ਦੀ ਸਲਾਹ ਦਿੱਤੀ। 20 ਫਰਵਰੀ, 1890 ਨੂੰ ਇਕ ਹੋਰ ਉਚੇਚੀ ਇਕੱਤਰਤਾ ਸੱਦੀ ਗਈ, ਜਿਸ ਵਿਚ ਕੁਝ ਐਸੇ ਸਰਦਾਰਾਂ ਨੂੰ ਸੱਦਾ ਪੱਤਰ ਭੇਜੇ, ਜੋ ਉਹਨਾਂ ਨਾਲ ਮਿਲਵਰਤਣ ਕਰ ਸਕਦੇ ਸਨ ਤੇ ਇਸ ਕੰਮ ਦੇ ਚਾਹਵਾਨ ਸਨ। ਇਸ ਵਿਚ ਇਕ ਕਮੇਟੀ ਸਰ ਅਤਰ ਸਿੰਘ ਜੀ ਭਦੌੜ ਵਾਲਿਆਂ ਦੀ ਪ੍ਰਧਾਨਗੀ ਹੇਠ ਕਾਇਮ ਕੀਤੀ ਗਈ, ਜਿਸ ਦੇ ਜਿੰਮੇਂ ਖਾਲਸਾ ਕਾਲਜ ਦੀ ਸਕੀਮ ਨੂੰ ਅਮਲੀ ਰੂਪ ਦੇਣ ਦੀ ਡਿਊਟੀ ਲਾਈ ਗਈ।

ਜਦ ਕੁਝ ਫੰਡ ਇਕੱਠੇ ਹੋਣੇ ਸ਼ੁਰੂ ਹੋ ਗਏ ਤਾਂ ਵਿਚੋਂ ਝਗੜਾ ਖੜਾ ਹੋ ਗਿਆ ਕਿ ਕਾਲਜ ਲਾਹੌਰ ਬਣੇ ਜਾਂ ਅੰਮ੍ਰਿਤਸਰ। ਇਸ ਸਮੇਂ ਸ੍ਰ. ਦਿਆਲ ਸਿੰਘ ਜੀ ਮਜੀਠਾ ਜੋ ਉਘੇ ਸਰਦਾਰਾਂ ਵਿਚੋਂ ਸਨ ਤੇ ਔਲਾਦ ਨਾ ਹੋਣ ਕਰ ਕੇ ਲੱਖਾਂ ਰੁਪਏ ਇਸ ਕਾਰਜ ਲਈ ਦੇਣ ਦੇ ਇਛੱਕ ਸਨ, ਕਾਲਜ ਦਾ ਨਾਮ 'ਦਿਆਲ ਸਿੰਘ ਕਾਲਜ' ਰੱਖਣ ਤੇ ਹੀ ਸਹਾਇਤਾ ਕਰਨ ਲਈ ਤਿਆਰ ਸਨ। ਪਰ ਗਿਆਨੀ ਜੀ ਤੇ ਪ੍ਰੋ. ਗੁਰਮੁਖ ਸਿੰਘ ਜੀ ਇਸ ਗੱਲ ਤੇ ਅੜ ਗਏ ਕਿ ਕਾਲਜ ਤਾਂ ਖਾਲਸਾ ਕਾਲਜ ਦੇ ਨਾਮ ਤੇ ਹੀ ਬਣਨਾ ਚਾਹੀਦਾ ਹੈ, ਪਰ ਇਸ ਦਾ ਫਾਇਦਾ ਚਾਲਾਕ ਆਰੀਆ ਸਮਾਜੀ ਉਠਾ ਗਏ ਤੇ ਲਾਹੌਰ ਵਿਚ **ਦਿਆਲ ਸਿੰਘ ਕਾਲਜ** ਦੀ ਉਸਾਰੀ ਸ਼ੁਰੂ ਹੋ ਗਈ।

ਇਹ ਦੇਖ ਕੇ ਪ੍ਰੋਫੈਸਰ ਜੀ ਤੇ ਗਿਆਨੀ ਜੀ ਨੇ ਝੱਟ ਹੀ ਆਪਣੀ ਇੱਛਾ ਵਿਚ ਤਬਦੀਲੀ ਲੈ ਆਂਦੀ ਤੇ ਕਾਲਜ ਨੂੰ ਅੰਮ੍ਰਿਤਸਰ ਵਿਚ ਹੀ ਖੋਲਣ ਲਈ ਰਾਜ਼ੀ ਹੋ ਗਏ। ਇਸ ਪਰ ਉਗਰਾਹੀ ਸ਼ੁਰੂ ਹੋ ਗਈ ਤੇ ਕੁਝ ਹੀ ਦਿਨਾਂ ਵਿਚ ਲੱਖਾਂ ਰੁਪਏ ਇਕੱਠੇ ਹੋ ਗਏ ਤੇ 5 ਮਾਰਚ, 1892 ਈ. ਨੂੰ ਪੰਜਾਬ ਦੇ ਲੈਫਟੀਨੈਂਟ ਗਵਰਨਰ ਸਰ ਜੇਮਜ਼ ਬ੍ਰਾਡਵੁਡ ਲਾਇਲ ਨੇ ਅੰਮ੍ਰਿਤਸਰ ਤੋਂ ਲਾਹੌਰ ਜਾਣ ਵਾਲੀ ਜਰਨੈਲੀ ਸੜਕੇ ਦੇ ਕੰਢੇ ਤੇ ਅੰਮ੍ਰਿਤਸਰ ਤੋਂ ਤਿੰਨ ਕੁ ਮੀਲ ਦੇ ਫਾਸਲੇ ਤੇ ਇਸ ਕਾਲਜ ਦਾ ਨੀਂਹ ਪੱਥਰ ਰੱਖ ਦਿੱਤਾ। 22 ਅਕਤੂਬਰ, 1893 ਈ. ਨੂੰ ਹਾਈ ਸਕੂਲ ਦੀ ਸ਼ਕਲ ਵਿਚ ਕਾਲਜ ਦੀ ਆਰੰਭਕ ਰਸਮ ਅਦਾ ਕੀਤੀ ਗਈ।

ਸਮੇਂ ਦੀ ਨਜ਼ਾਕਤ ਨੂੰ ਦੇਖਦਿਆਂ ਹੋਇਆਂ ਲਾਹੌਰ ਦੀਵਾਨ ਵਾਲਿਆਂ ਇਹ

ਸਿਆਸਤ ਖੇਡੀ। ਕਿਉਂਕਿ ਇਸ ਦੀਵਾਨ ਵਿਚ ਗਿਆਨੀ ਦਿਤ ਸਿੰਘ, ਪ੍ਰੋ. ਗੁਰਮੁਖ ਸਿੰਘ ਜਿਹੇ ਦੂਰੰਦੇਸ਼ ਆਗੂ ਸਨ। ਉਹਨਾਂ ਨੂੰ ਪਤਾ ਸੀ ਕਿ ਜੇ ਇਕ ਵਾਰੀ ਕਿਸੇ ਨੇ ਕਿਸੇ ਢੰਗ ਨਾਲ ਸਿੱਖ ਕੌਮ ਨੂੰ ਸਿੱਖੀ ਦੀ ਗੁੜ੍ਹਤੀ ਦਿੱਤੀ ਤਾਂ ਕੌਮ ਆਪਣੇ ਆਪ ਆਜ਼ਾਦ ਹੀ ਨਹੀਂ ਹੋ ਜਾਵੇਗੀ, ਬਲਕਿ ਰਾਜ ਕਰਨ ਦੇ ਕਾਬਲ ਵੀ ਹੋ ਜਾਏਗੀ। ਇਸ ਲਈ ਉਹਨਾਂ ਨੇ ਅੰਗ੍ਰੇਜ਼ ਸਰਕਾਰ ਨਾਲ ਟੱਕਰ ਲੈਣ ਦੀ ਬਜਾਏ ਅੰਗ੍ਰੇਜ਼ਾਂ ਨਾਲ ਸਮਝੌਤਾ ਕਰ ਲਿਆ ਤੇ ਬੇਫਿਕਰ ਹੋ ਕੇ ਕੌਮ ਨੂੰ ਸਿੱਖੀ ਦੇਣ ਲੱਗ ਪਏ।

ਅੰਗ੍ਰੇਜ਼ਾਂ ਨਾਲ ਮਿਲਵਰਤਣ ਹੋਣ ਕਰਕੇ ਗਿਆਨੀ ਜੀ ਫੌਜੀਆਂ ਵਿਚ ਵੀ ਪ੍ਰਚਾਰ ਕਰਨ ਨਿਕਲ ਜਾਂਦੇ। (ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਬਾਅਦ ਵਿਚ ਅਕਾਲੀ ਲਹਿਰ (1919-1925 ਈ.) ਵਿਚ ਜੋ ਹਿੱਸਾ ਫੌਜੀਆਂ ਨੇ ਪਾਇਆ ਸੀ, ਉਹ ਸਭ ਗਿਆਨੀ ਜੀ ਦੀ ਦਿੱਤੀ ਸਿੱਖੀ ਦੀ ਗੁੜ੍ਹਤੀ ਦਾ ਫਲ ਸੀ।) ਕਿਉਂਕਿ ਫੌਜੀ ਸਿੰਘ ਦੂਰ ਦਰਾਜ ਆਪਣੀ ਡਿਊਟੀਆਂ ਤੇ ਜਾਂਦੇ ਜਿਸ ਦਾ ਇਹ ਨਤੀਜਾ ਇਹ ਹੋਇਆ ਕਿ ਕਾਫੀ ਦੂਰ ਦੂਰ ਤਕ ਤੱਤ ਗੁਰਮਤਿ ਦਾ ਪ੍ਰਚਾਰ ਆਰੰਭ ਹੋ ਗਿਆ।

ਖਾਲਸਾ ਕਾਲਜ ਚਾਲੂ ਹੋਣ ਉਪਰੰਤ ਗਿਆਨੀ ਜੀ ਨੇ ਆਪਣੀ ਆਯੂ ਦਾ ਬਾਕੀ ਸਮਾਂ ਪ੍ਰਚਾਰ ਲਈ ਤੇ ਗੁਰਮਤਿ ਸਾਹਿਤ ਲਈ ਲਾ ਦਿੱਤਾ। ਆਪ ਜੀ ਦੇ ਸਾਹਿਤ ਤੇ ਪ੍ਰਚਾਰ ਢੰਗ ਤੋਂ ਵੱਡੇ ਵੱਡੇ ਰਈਸ ਪ੍ਰਭਾਵਿਤ ਹੋਏ। ਇਥੋਂ ਤਕ ਕਿ ਸ੍ਰ. ਸੁੰਦਰ ਸਿੰਘ ਜੀ ਮਜੀਠੀਆ, ਜੋ ਬਾਅਦ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪਹਿਲੇ ਪ੍ਰਧਾਨ ਬਣੇ, ਆਪ ਜੀ ਦੇ ਪ੍ਰਚਾਰ ਦੇ ਅਸਰ ਨੂੰ ਕਬੂਲਿਆ ਤੇ 'ਖਾਲਸਾ ਭਾਈਚਾਰਾ' ਨਾਮ ਦੀ ਜਥੇਬੰਦੀ ਕਾਇਮ ਕੀਤੀ।

ਪਛੜੀਆਂ ਸ਼੍ਰੇਣੀਆਂ ਦੇ ਲੋਕ ਉਸ ਸਮੇਂ ਈਸਾਈ ਮਤ ਵੱਲੇ ਪ੍ਰੇਰੇ ਜਾ ਰਹੇ ਸਨ ਕਿਉਂਕਿ ਗੁਰਦੁਆਰਿਆਂ ਦੇ ਪੁਜਾਰੀ ਇਹਨਾਂ ਨੂੰ ਦੁਰਕਾਰਦੇ ਸਨ। ਪੁਜਾਰੀਆਂ ਵਿਰੁਧ ਬੜੇ ਜ਼ੋਰਦਾਰ ਢੰਗ ਨਾਲ ਆਵਾਜ਼ ਉਠਾਈ। ਥਾਂ ਥਾਂ ਪੁਰ ਜਾ ਕੇ ਗਿਆਨੀ ਜੀ ਨੇ ਗੁਰਮਤਿ ਅਸੂਲ ਲੋਕਾਈ ਤਕ ਪਹੁੰਚਾਏ। ਉਹਨਾਂ ਨੂੰ ਸਿੱਖੀ ਵੱਲ ਪ੍ਰੇਰਿਆ। ਗਿਆਨੀ ਜੀ ਦੇ ਪ੍ਰਚਾਰ ਨੇ ਸਿੱਖ ਸੰਗਤਾਂ ਵਿਚ ਭਾਰੀ ਜਾਗ੍ਰਤੀ ਲੈ ਆਂਦੀ, ਥਾਂ ਪਰ ਥਾਂ ਪੁਜਾਰੀਆਂ ਦੀਆਂ ਨਜਾਇਜ਼ ਹਰਕਤਾਂ ਵਿਰੁਧ ਜਜ਼ਬਾ ਉਠ ਖੜਾ ਹੋਇਆ ਤੇ ਉਹੀ ਜਜ਼ਬਾ ਅਖੀਰ ਅਕਾਲੀ ਲਹਿਰ ਦੇ ਮੁੱਢ ਵਿਚ, ਪ੍ਰਚੰਡ ਰੂਪ ਵਿਚ ਪ੍ਰਗਟ ਹੋਇਆ, ਜਿਸ ਨੇ ਪੁਜਾਰੀ ਸਿਸਟਮ ਨੂੰ ਫੜ ਕੇ ਖਤਮ ਕਰ ਕੇ ਰੱਖ ਦਿੱਤਾ।

ਗੁਰਸਿੱਖੀ ਲਈ ਪਿਆਰ ਤੇ ਸ਼ਰਧਾ, ਗੁਰਬਾਣੀ ਦਾ ਸਤਿਕਾਰ ਤੇ ਨਿੱਤ ਦੇ ਜੀਵਨ ਵਿਚ ਗੁਰਬਾਣੀ ਹੀ ਸਿੱਖ ਦਾ ਜੀਵਨ ਆਸਰਾ ਹੈ, ਇਨ੍ਹਾਂ ਵਿਸ਼ਿਆਂ ਨੂੰ ਪ੍ਰਗਟਾਉਣ ਲਈ ਗਿਆਨੀ ਜੀ ਦੇ ਅਨੇਕਾਂ ਲੈਕਚਰ ਹੋਏ, ਅਨੇਕਾਂ ਮਜ਼ਮੂਨ ਲਿਖੇ ਤੇ

ਪੁਸਤਕਾਂ ਵਾਰਤਕ ਵਿਚ ਤੇ ਕਵਿਤਾ ਵਿਚ ਏਨੀਆਂ ਲਿਖੀਆਂ, ਕਿ ਉਹਨਾਂ ਦੀ ਜ਼ਿੰਦਗੀ ਦਾ ਵਧੇਰੇ ਸਮਾਂ ਸਿੱਖੀ ਦੇ ਪਿਆਰ ਵੱਲ ਹੀ ਲਗਾ ਰਿਹਾ, ਭਾਵੇਂ ਕਈ ਝੜਪਾਂ ਤੇ ਕਈ ਵਾਰੀ ਹੇਠੀਆਂ ਦਾ ਮੂੰਹ ਵੀ ਗਿਆਨੀ ਜੀ ਨੇ ਆਪਣੇ ਵਿਰੋਧੀਆਂ ਤੋਂ ਵੇਖਿਆ, ਪਰ ਦਿਲ ਨਹੀਂ ਛੱਡਿਆ, ਇਸ ਦੇ ਵਿਚ ਫਰਕ ਨਹੀਂ ਆਉਣ ਦਿੱਤਾ, ਸਾਹਿਬ ਕਲਗੀਧਰ ਦੇ ਮਿਸ਼ਨ ਦੇ ਪ੍ਰਚਾਰ ਵਿਚ ਆਪ ਨੇ ਉਸ ਸਮੇਂ ਏਨਾ ਹਿੱਸਾ ਪਾਇਆ, ਕਿ ਜਿਸ ਦੀ ਕੀਮਤ ਹੀ ਕੋਈ ਨਹੀਂ, ਪਰ ਅਫਸੋਸ ਕਿ ਅੱਜ ਗਿਆਨੀ ਜੀ ਦੀਆਂ ਯਾਦਾਂ ਕਿਤੇ ਸੁਪਨੇ ਵਾਂਗ ਹੋ ਗਈਆਂ ਹਨ, ਤੇ ਕੌਮ ਨੇ ਆਪਣੇ ਹੀਰੇ ਦੀ ਸੰਭਾਲ ਨਹੀਂ ਕੀਤੀ।

ਗਿਆਨੀ ਜੀ ਦੇ ਪ੍ਰਚਾਰ ਢੰਗ ਸਦਕਾ ਸਿੱਖ ਹੀ ਨਹੀਂ ਬਲਕਿ ਕਾਫੀ ਹਿੰਦੂ ਪਰਿਵਾਰ ਵੀ ਸਿੱਖੀ ਵਿਚ ਦਾਖਲ ਹੋਣੇ ਸ਼ੁਰੂ ਹੋ ਗਏ। ਸਰਦਾਰ ਅਤਰ ਸਿੰਘ ਜੀ ਭਦੌੜ ਵਾਲੇ, ਜੋ ਲਾਹੌਰ ਖਾਲਸਾ, ਦੀਵਾਨ ਦੀ ਜਿੰਦ ਜਾਨ ਸਨ, 1895 ਵਿਚ ਗੁਰਪੁਰੀ ਜਾ ਬਿਰਾਜੇ। 1896 ਵਿਚ ਸਿੰਘ ਸਭਾ ਦੇ ਮੋਢੀ ਪ੍ਰੋ. ਗੁਰਮੁਖ ਸਿੰਘ ਜੀ ਵੀ ਗੁਰਪੁਰੀ ਪਧਾਰ ਗਏ, ਇਸ ਤੋਂ ਇਲਾਵਾ ਗਿਆਨੀ ਜੀ ਦੇ ਹੋਰ ਵੀ ਕਈ ਸਾਥੀ ਇਹਨਾਂ ਸਾਲਾਂ ਵਿਚ ਪ੍ਰਲੋਕ ਗਮਨ ਕਰ ਗਏ। ਇਧਰੋਂ ਗਿਆਨੀ ਜੀ ਦੇ ਘਰ ਦੇ ਹਾਲਾਤ ਕਾਫੀ ਖਰਾਬ ਹੋ ਗਏ। ਇਹਨਾਂ ਦੀ ਸਪੁੱਤਰੀ ਕਾਫੀ ਲੰਮੀ ਬਿਮਾਰੀ ਉਪਰੰਤ ਅਕਾਲ ਚਲਾਣਾ ਕਰ ਗਈ, ਜਿਸ ਦੀ ਬੀਮਾਰੀ ਦੇ ਕਾਫੀ ਖਰਚ ਕੀਤਾ ਗਿਆ। ਇਸ ਦੇ ਫਲਸਰੂਪ ਘਰ ਦੀ ਹਾਲਤ ਅਤਿ ਨਾਜ਼ਕ ਹੋ ਗਈ ਤੇ 1901 ਵਿਚ ਅਖਬਾਰ ਵੀ ਬੰਦ ਹੋ ਗਿਆ।

ਗਿਆਨੀ ਜੀ ਵੀ ਅੰਤ ਇਸ ਅਸਾਰ ਸੰਸਾਰ ਤੋਂ 6 ਸਤੰਬਰ, 1906 ਨੂੰ ਕੂਚ ਕਰ ਗਏ ਤੇ ਕੌਮ ਨੂੰ ਵਿਲਕਦਿਆਂ ਛੱਡ ਗਏ।

***

# ਗਿਆਨੀ ਦਿਤ ਸਿੰਘ ਜੀ ਦੀ ਸ਼ਖ਼ਸੀਅਤ

**ਗਿਆਨੀਵਾਨ :**

ਗਿਆਨੀ ਦਿਤ ਸਿੰਘ ਜੀ ਪੂਰਨ ਵਿਦਵਾਨ ਸਨ। ਉਹਨਾਂ ਦੀ ਤੀਖਣ ਬੁੱਧੀ ਤੇ ਹਾਜ਼ਰ ਜੁਆਬੀ ਤੋਂ ਵੱਡੇ ਵੱਡੇ ਧੁਰੰਧਰ ਵਿਦਵਾਨ ਵੀ ਕੰਬ ਜਾਂਦੇ ਸਨ। ਦਇਆ ਨੰਦ, ਆਰੀਆ ਸਮਾਜ ਦਾ ਮੋਢੀ ਜੋ ਬਾਕੀ ਮਤਾਂ ਨੂੰ ਬਿਨਾਂ ਕਿਸੇ ਦਲੀਲ ਦੇ ਛੁਟਿਆਉਣ ਵਿਚ ਕਾਫੀ ਮਾਹਿਰ ਆਪਣੇ ਆਪ ਨੂੰ ਸਮਝਦਾ ਸੀ, ਆਪ ਜੀ ਅੱਗੇ ਇਉਂ ਡਰਦਾ ਸੀ, ਜਿਵੇਂ ਸ਼ੇਰ ਤੋਂ ਭੇਡਾਂ ਡਰਦੀਆਂ ਹਨ।

**ਦੂਰ-ਅੰਦੇਸ਼ ਆਗੂ :**

ਕੌਮ ਦੀ ਨਿਘਰਦੀ ਹਾਲਤ ਨੂੰ ਕਿਵੇਂ ਤੇ ਕਿਸ ਤਰ੍ਹਾਂ ਸੁਧਾਰਨਾ ਹੈ, ਇਸ ਲਈ ਦੂਰੰਦੇਸ਼ੀ ਦਾ ਜੋ ਸਬੂਤ ਉਹਨਾਂ ਦਿੱਤਾ, ਉਹ ਇਕ ਆਗੂ ਵਿਚ ਹੋਣਾ ਜ਼ਰੂਰੀ ਹੈ। ਉਹਨਾਂ ਨੂੰ ਪਤਾ ਸੀ ਕਿ ਕੌਮ ਨੂੰ ਜੇ ਇਕ ਵਾਰੀ ਗੁਰਬਾਣੀ ਦੇ ਲੜ ਲਾ ਦਿੱਤਾ ਗਿਆ ਤਾਂ ਉਹ ਦਿਨ ਦੂਰ ਨਹੀਂ, ਜਦੋਂ ਕੌਮ ਆਜ਼ਾਦੀ ਦੇ ਸੁਫਨੇ ਲਵੇਗੀ। ਭਾਵੇਂ ਆਪ ਜੀ ਨੂੰ ਇਸ ਮਨੋਰਥ ਦੀ ਪੂਰਤੀ ਲਈ ਅੰਗ੍ਰੇਜ਼ਾਂ ਨਾਲ ਗੰਢ-ਤਰੁਪ ਵੀ ਕਰਨਾ ਪਿਆ, ਪਰ ਅਸੂਲਾਂ ਤੇ ਕਾਇਮ ਰਹਿ ਕੇ ਵੀ ਐਸਾ ਕੀਤਾ ਗਿਆ।

**ਨਿਡਰ, ਨਿਰਭੈ :**

ਆਪ ਸੱਚੀ ਗੱਲ ਕਹਿਣ ਲਗਿਆਂ ਝਿਜਕਦੇ ਨਹੀਂ ਸਨ, ਭਾਵੇਂ ਉਸ ਦਾ ਆਪ ਜੀ ਨੂੰ ਕਿੰਨਾ ਵੀ ਮੁਆਵਜ਼ਾ ਦੇਣਾ ਪਿਆ ਹੋਵੇ। ਬੇਦੀ ਖੇਮ ਸਿੰਘ, ਮਹੰਤ ਸੁਮੇਰ ਸਿੰਘ ਪਟਨਾ ਸਾਹਿਬ ਆਦਿ ਦੀ ਖੁਲ੍ਹੇ ਆਮ ਵਿਰੋਧਤਾ ਕੀਤੀ, ਜੋ ਆਪਣੇ ਆਪ ਨੂੰ ਸਿੱਖ ਪੰਥ ਦੇ ਵਾਹਿਦ ਨੇਤਾ ਅਖਵਾਉਂਦੇ ਸਨ। ਪ੍ਰੋ. ਗੁਰਮੁਖ ਸਿੰਘ ਜੀ ਦੇ ਵਿਰੁਧ ਨਿਕਲੇ ਹੁਕਮਨਾਮੇ ਦੀਆਂ ਧਜੀਆਂ ਉਡਾ ਦਿੱਤੀਆਂ। ਇਥੋਂ ਤਕ ਕਿ ਇਤਿਹਾਸਕ ਗੁਰਦੁਆਰਿਆਂ ਦੇ ਪੁਜਾਰੀਆਂ ਨੂੰ, ਜਿਨ੍ਹਾਂ ਕੋਲ ਗੁੰਡੇ ਵੀ ਸਨ, ਦੀ ਖੇਹ ਖਬੜੀ ਉਡਾਈ।

**ਮਿਤਰਤਾ ਨਿਭਾਉਣੀ :**

ਗਿਆਨੀ ਜੀ, ਪੂਰਨ ਗੁਰਸਿੱਖਾਂ ਵਾਂਗ ਸੱਚੇ ਮਿੱਤਰ ਸਨ ਤੇ ਜਿਨ੍ਹਾਂ ਨੂੰ ਆਪ ਨੇ ਆਪਣੇ ਮਿੱਤਰ ਬਣਾਇਆ, ਉਹਨਾਂ ਨਾਲ ਮਿੱਤਰਤਾ ਪੂਰੀ ਨਿਭਾਈ। 1886 ਈ. ਵਿਚ ਪ੍ਰੋ. ਗੁਰਮੁਖ ਸਿੰਘ ਜੀ ਨੂੰ ਅਕਾਲ ਤਖ਼ਤ ਸਾਹਿਬ ਦੀ ਕੁਵਰਤੋਂ ਕਰਕੇ ਕਾਬਜ਼ ਪੁਜਾਰੀਆਂ, ਬੇਦੀ ਸਾਹਿਬਜਾਦਿਆਂ, ਸਨਾਤਨੀ ਗਿਆਨੀ ਸਦਕਾ ਜਦੋਂ ਛੇਕਿਆ ਗਿਆ ਤਾਂ ਆਪ ਨੇ ਉਹਨਾਂ ਮਹੰਤਾਂ ਵਿਰੁਧ ਧੂਆਂਧਾਰ ਪ੍ਰਚਾਰ ਕੀਤਾ ਤੇ ਉਹਨਾਂ ਦੇ ਪੈਰ ਉਖੇੜ ਕੇ ਰੱਖ ਦਿੱਤੇ। ਕਿਥੇ ਸ੍ਰੀ ਅਕਾਲ ਤਖ਼ਤ ਦਾ ਹੁਕਮਨਾਮਾ ਕੌਮ ਨੇ ਹਰ

ਹਾਲਤ ਪਾਲਣ ਕਰਨਾ ਸੀ ਤੇ ਕਿਥੇ ਇਹ ਹੁਕਮਨਾਮਾ ਗਿਆਨੀ ਜੀ ਦੀਆਂ ਲਿਖਤਾਂ, ਲੈਕਚਰਾਂ ਆਦਿ ਨਾਲ ਉਂਝੇ ਦਾ ਉਂਝੇ ਨਪਿਆ ਰਹਿ ਗਿਆ।

**ਦ੍ਰਿੜ੍ਹ ਇਰਾਦਾ :**

ਗੁਰਬਾਣੀ ਗੁਰਸਿੱਖ ਲਈ ਜੀਵਨ ਦਾ ਰਾਹ ਹੈ। ਇਸ ਤੇ ਤੁਰਨ ਨਾਲ ਮਨੁੱਖ ਦ੍ਰਿੜ੍ਹ ਇਰਾਦੇ ਵਾਲਾ ਹੋ ਜਾਂਦਾ ਹੈ। ਸਾਰਾ ਇਤਿਹਾਸ ਗਵਾਹੀ ਦਿੰਦਾ ਹੈ ਕਿ ਗੁਰਮਤਿ ਵਿਚ ਦ੍ਰਿੜ੍ਹ ਮਨੁੱਖ ਆਪਣਾ ਸਭ ਕੁਝ ਵਾਰ ਕੇ ਵੀ ਦਿਲ ਨਹੀਂ ਹਾਰਦੇ। ਗਿਆਨੀ ਜੀ ਵੀ ਇਸੇ ਲੋੜੀਆਂ ਵਿਚ ਪੱਲੇ ਸਨ। ਇਹੋ ਹੀ ਕਾਰਨ ਹੈ ਕਿ ਬਾਵਜੂਦ ਇਨੀਆਂ ਮੁਸਬਤਾਂ, ਮੁਕਦਮਿਆਂ, ਗਰੀਬੀ ਆਦਿ ਹੋਣ ਤੇ ਦਿਲ ਨਹੀਂ ਹਾਰਿਆ।

**ਸੁਧਾਰਕ :**

ਗਿਆਨੀ ਜੀ ਅਨਮਤੀਆਂ ਦੀ ਕਰਮ-ਕਾਂਡਾਂ ਤੇ ਕੁਰੀਤੀਆਂ ਦੇ ਵੱਡੇ ਸੁਧਾਰਕ ਸਨ। ਆਪ ਦੀਆਂ ਦਲੀਲਾਂ, ਉਕਤੀਆਂ, ਯੁਕਤੀਆਂ ਦਾ ਕਿਸੇ ਨੇ ਵੀ ਮੁਕਾਬਲਾ ਨਾ ਕੀਤਾ ਤੇ ਆਪ ਜੀ ਦੀ ਇਸ ਕਾਮਯਾਬੀ ਨੇ ਹੀ ਆਪ ਦੀ ਪ੍ਰਸਿਧਤਾ ਨੂੰ ਵਧਾਇਆ। ਪਛੜੀਆਂ ਸ਼੍ਰੇਣੀਆਂ ਨੂੰ, ਜੋ ਉਸ ਸਮੇਂ ਈਸਾਈ ਪਾਦਰੀਆਂ ਦੀ ਪ੍ਰੇਰਨਾ ਸਦਕਾ ਈਸਾਈ ਮਤ ਧਾਰਨ ਕਰ ਰਹੀਆਂ ਸਨ, ਨੂੰ ਗੁਰਮਤਿ ਸਮਝਾ ਕੇ ਗੁਰਸਿੱਖੀ ਦੀ ਫੁਲਵਾੜੀ ਅੰਦਰ ਸ਼ਾਮਲ ਕੀਤਾ।

ਆਪ ਜੀ ਨੇ ਅਨੰਦ ਵਿਆਹ ਦਾ ਜ਼ੋਰਦਾਰ ਪ੍ਰਚਾਰ ਕੀਤਾ। ਬ੍ਰਾਹਮਣਵਾਦ ਵਲੋਂ ਪਾਏ ਗਏ ਭੁਲੇਖਿਆਂ ਨੂੰ ਦੂਰ ਕਰਨ ਲਈ ਕਾਫੀ ਰਚਨਾਵਾਂ ਰਚੀਆਂ, ਲੈਕਚਰ ਦਿੱਤੇ।

***